# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 176 | Friday, September 13, 2019 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
ROYAL CANADIAN REALTY BROKERAGE
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com


# ਫੈਡਰਲ ਚੋਣ ਕੈਂਪੇਨ ਦੀ ਸ਼ੁਰੂਆਤ ਹੋਣ 'ਤੇ ਹੀ ਐਨਡੀਪੀ ਦੇ ਦੋ ਉਮੀਦਵਾਰਾਂ ਨੇ ਦਿੱਤਾ ਅਸਤੀਫਾ

ਓਟਵਾ, 12 ਸਤੰਬਰ (ਪੋਸਟ ਬਿਊਰੋ) : ਫੈਡਰਲ ਇਲੈਕਸ਼ਨ ਕੈਂਪੇਨ ਦੇ ਸ਼ੁਰੂ ਵਿੱਚ ਹੀ ਐਨਡੀਪੀ ਦੇ ਦੋ ਉਮੀਦਵਾਰਾਂ ਵੱਲੋਂ ਅਸਤੀਫਾ ਦੇ ਦਿੱਤਾ ਗਿਆ ਹੈ। ਇੱਕ ਉਮੀਦਵਾਰ ਨੂੰ ਤਾਂ ਘਰੇਲੂ ਬਦਸਲੂਕੀ ਦੇ ਦੋਸ਼ਾਂ ਕਾਰਨ ਅਸਤੀਫਾ ਦੇਣਾ ਪਿਆ ਤੇ ਦੂਜੇ ਨੂੰ ਸੋਸ਼ਲ ਮੀਡੀਆ ਉੱਤੇ ਪਾਈਪਲਾਈਨ ਪੱਖੀ ਕਾਰਕੁੰਨ ਦੇ ਸਬੰਧ ਵਿੱਚ ਕੀਤੀਆਂ ਗਈਆਂ ਟਿੱਪਣੀਆਂ ਕਾਰਨ ਅਸਤੀਫਾ ਦੇਣਾ ਪਿਆ।



ਮਾਂਟਰੀਅਲ ਦੇ ਲਾਸਾਲੇ-ਐਮਾਰਡ-ਵਰਡਨ ਹਲਕੇ ਤੋਂ ਐਨਡੀਪੀ ਉਮੀਦਵਾਰ ਓਲੀਵੀਅਰ ਮੈਥਿਊ ਨੇ ਆਖਿਆ ਕਿ ਉਸ ਖਿਲਾਫ ਘਰੇਲੂ ਬਦਸਲੂਕੀ ਦੇ ਲਾਏ ਗਏ ਇਲਜ਼ਾਮ ਝੂਠੇ ਹਨ ਤੇ ਉਹ ਇਸ ਲਈ ਅਸਤੀਫਾ ਦੇ ਰਹੇ ਹਨ ਕਿਉਂਕਿ ਉਹ ਫੈਡਰਲ ਚੋਣਾਂ ਦੇ ਇਸ ਨਾਜ਼ੁਕ ਮੌਕੇ ਉੱਤੇ ਪਾਰਟੀ ਲਈ ਕੋਈ ਨਵਾਂ ਉਲਝਾਅ ਨਹੀਂ ਪਾਉਣਾ ਚਾਹੁੰਦੇ। ਮੈਥਿਊ ਨੇ ਆਪਣੇ ਹਲਕੇ ਦੇ ਫੇਸਬੁੱਕ ਪੇਜ ਉੱਤੇ ਲਿਖਿਆ ਕਿ ਜੇ ਉਹ ਚੋਣ ਮੁਹਿੰਮ ਵਿੱਚ ਹਿੱਸਾ ਨਾ ਲੈ ਰਹੇ ਹੁੰਦੇ ਤਾਂ ਉਹ ਆਪਣੀ ਸਾਖ਼ ਨੂੰ ਬੇਦਾਗ ਕਰਨ ਲਈ ਕੰਮ ਕਰਦੇ ਤੇ ਪਾਰਟੀ ਨਾਲ ਵੀ ਕੰਮ ਕਰਨਾ ਜਾਰੀ ਰੱਖਦੇ।

ਮੈਥਿਊ ਵੱਲੋਂ ਉਸ ਸਮੇਂ ਅਸਤੀਫਾ ਦਿੱਤਾ ਗਿਆ ਜਦੋਂ ਇੱਕ ਮਹਿਲਾ ਨੇ ਫੇਸਬੁੱਕ ਉੱਤੇ ਆਪਣੇ ਸੁੱਜੇ ਹੋਏ ਤੇ ਨੀਲ ਪਏ ਬੁੱਲ੍ਹ ਦੀ ਪੋਸਟ ਪਾਈ। ਉਸ ਮਹਿਲਾ ਨੇ ਕਈ ਐਨਡੀਪੀ ਫੇਸਬੁੱਕ ਪੇਜਾਂ ਨੂੰ ਨਾਲ ਟੈਗ ਕਰ ਦਿੱਤਾ। ਬੈਕਾ ਸਟੂਅਰਟ ਨਾਂ ਦੀ ਇਸ ਮਹਿਲਾ ਨੇ ਲਿਖਿਆ ਕਿ ਅਸੀਂ ਆਪਣੀਆਂ ਧੀਆਂ, ਮਾਂਵਾਂ, ਭੈਣਾਂ ਤੇ ਉਨ੍ਹਾਂ ਮਹਿਲਾਵਾਂ ਨੂੰ ਕੀ ਸੁਨੇਹਾ ਦੇਣਾ ਚਾਹੁੰਦੇ ਹਾਂ ਜਿਨ੍ਹਾਂ ਨਾਲ ਅਸੀਂ ਪਿਆਰ ਕਰਦੇ ਹਾਂ, ਰਹਿੰਦੇ ਹਾਂ ਤੇ ਕੰਮ ਕਰਦੇ ਹਾਂ, ਕਿ ਅਜਿਹੇ ਉਮੀਦਵਾਰ ਨੂੰ ਵੋਟ ਪਾਉਣ ਜਿਹੜਾ ਲਗਾਤਾਰ ਆਪਣੀ ਪਤਨੀ ਦਾ ਸ਼ੋਸ਼ਣ ਕਰਦਾ ਹੈ? ...ਬਾਕੀ ਪੰਨਾ 6 'ਤੇ

# ਮੀਡੀਆ ਬੱਸ ਵਿੰਗ ਨਾਲ ਟਕਰਾਉਣ ਕਾਰਨ ਟਰੂਡੋ ਦੇ ਜਹਾਜ਼ ਨੂੰ ਹੋਇਆ ਨੁਕਸਾਨ!



ਵਿਕਟੋਰੀਆ, 12 ਸਤੰਬਰ (ਪੋਸਟ ਬਿਊਰੋ) : ਵਿਕਟੋਰੀਆ ਵਿੱਚ ਲਿਬਰਲ ਆਗੂ ਜਸਟਿਨ ਟਰੂਡੋ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਝਟਕਾ ਲੱਗਿਆ ਜਦੋਂ ਉਨ੍ਹਾਂ ਦੀ ਮੀਡੀਆ ਬੱਸ ਬੁੱਧਵਾਰ ਰਾਤ ਉਨ੍ਹਾਂ ਦੇ ਜਹਾਜ਼ ਦੇ ਹੀ ਇੱਕ ਵਿੰਗ ਨਾਲ ਜਾ ਟਕਰਾਈ। ...ਬਾਕੀ ਪੰਨਾ 6 'ਤੇ

# ਪੱਖਪਾਤੀ ਸੋਸ਼ਲ ਮੀਡੀਆ ਪੋਸਟਸ ਕਾਰਨ ਕੰਜ਼ਰਵੇਟਿਵ ਉਮੀਦਵਾਰ ਨੂੰ ਦਾਅਵੇਦਾਰੀ ਛੱਡਣੀ ਪਈ

ਟੋਰਾਂਟੋ, 12 ਸਤੰਬਰ (ਪੋਸਟ ਬਿਊਰੋ) : ਮੈਨੀਟੋਬਾ ਤੋਂ ਫੈਡਰਲ ਕੰਜ਼ਰਵੇਟਿਵ ਉਮੀਦਵਾਰ ਨੂੰ ਉਸ ਸਮੇਂ ਆਪਣੀ ਦਾਅਵੇਦਾਰੀ ਛੱਡਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਜਦੋਂ ਉਸ ਵੱਲੋਂ ਕੀਤੀਆਂ ਗਈਆਂ ਕਥਿਤ ਪੱਖਪਾਤੀ ਪੋਸਟਸ ਸੋਸ਼ਲ ਮੀਡੀਆ ਵਿੱਚ ਪਾਏ ਜਾਣ ਦਾ ਖੁਲਾਸਾ ਹੋਇਆ ਹੈ।



ਪਾਰਟੀ ਨੇ ਵੀਰਵਾਰ ਨੂੰ ਆਖਿਆ ਕਿ ਕੈਮਰੌਨ ਓਗਿਲਵੀ, ਜੋ ਕਿ ਵਿਨੀਪੈਗ ਨੌਰਥ ਤੋਂ ਕੰਜ਼ਰਵੇਟਿਵ ਪਾਰਟੀ ਲਈ ਉਮੀਦਵਾਰ ਸੀ, ਨੇ ਉਸੇ ਵੇਲੇ ਦਾਅਵੇਦਾਰੀ ਛੱਡ ਦਿੱਤੀ ਜਦੋਂ ਉਸ ਨੂੰ ਪਤਾ ਲੱਗਿਆ ਕਿ ਉਸ ਵੱਲੋਂ ਪਾਈਆਂ ਤੇ ਫਿਰ ਹਟਾਈਆਂ ਗਈਆਂ ਪੱਖਪਾਤੀ ਪੋਸਟਸ ਬਾਰੇ ਪਾਰਟੀ ਨੂੰ ਪਤਾ ਲੱਗ ਗਿਆ ਹੈ। ਕੰਜ਼ਰਵੇਟਿਵ ਕੈਂਪੇਨ ਦੇ ਬੁਲਾਰੇ ਬਰੌਕ ਹੈਰੀਸਨ ਨੇ ਬਿਆਨ ਵਿੱਚ ਆਖਿਆ ਕਿ ਓਗਿਲਵੀ ਦੀਆਂ ਆਨਲਾਈਨ ਕੀਤੀਆਂ ਗਈਆਂ ਟਿੱਪਣੀਆਂ ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੀਆਂ ਕਦਰਾਂ ਕੀਮਤਾਂ ਨਾਲ ਮੇਲ ਨਹੀਂ ਖਾਂਦੇ।

ਉਨ੍ਹਾਂ ਆਖਿਆ ਕਿ ਐਂਡਰਿਊ ਸ਼ੀਅਰ ਇਸ ਗੱਲ ਨੂੰ ਲੈ ਕੇ ਬਹੁਤ ਸਪਸ਼ਟ ਹਨ ਕਿ ਕਿਸੇ ਨੂੰ ਇਹ ਗਲਤਫਹਿਮੀ ਨਹੀਂ ਹੋਣੀ ਚਾਹੀਦੀ ਕਿ ਕਿਸੇ ਦੀ ਨਸਲ ਜਾਂ ਜਿਨਸੀ ਝੁਕਾਅ ਉਸ ਨੂੰ ਕਿਸੇ ਹੋਰ ਨਾਲੋਂ ਉੱਚਾ ਬਣਾਉਂਦਾ ਹੈ। ਜਿਹੜਾ ਕੋਈ ਇਸ ਸੋਚ ਨਾਲ ਇਤਫਾਕ ਨਹੀਂ ਰੱਖਦਾ ਤਾਂ ਉਸ ਲਈ ਕੰਜ਼ਰਵੇਟਿਵ ਪਾਰਟੀ ਵਿੱਚ ਕੋਈ ਥਾਂ ਨਹੀਂ ਹੈ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਪੋਸਟਸ ਵਿੱਚ ਅਸਲ ਵਿੱਚ ਕੀ ਆਖਿਆ ਗਿਆ ਹੈ। ਪਾਰਟੀ ਨੇ ਆਖਿਆ ਕਿ ਇਸ ਸਾਲ ਦੇ ਸ਼ੁਰੂ ਵਿੱਚ ਓਗਿਲਵੀ ਨੇ ਅਜਿਹੀਆਂ ਪੋਸਟਸ ਹਟਾ ਵੀ ਦਿੱਤੀਆਂ ਸਨ।

ਇਸ ਸਬੰਧ ਵਿੱਚ ਟਿੱਪਣੀ ਕਰਨ ਵਾਸਤੇ ਓਗਿਲਵੀ ਨਾਲ ਸੰਪਰਕ ਨਹੀਂ ਹੋ ਸਕਿਆ। ਪਾਰਟੀ ਨੇ ਆਖਿਆ ਕਿ ਇੱਥੋਂ ਨਵੇਂ ਉਮੀਦਵਾਰ ਦਾ ਨਾਂ ਬਾਅਦ ਵਿੱਚ ਐਲਾਨਿਆ ਜਾਵੇਗਾ।

# ਸਿੱਖ ਸਪਿਰਚੂਅਲ ਸੈਂਟਰ ਤੋਂ ਇਕ ਹੋਰ ਰਾਗੀ ਫਰਾਰ

ਰੈਕਸਡੇਲ, 12 ਸਤੰਬਰ (ਪੋਸਟ ਬਿਊਰੋ)- ਸਿੱਖ ਸਪਿਰਚੂਅਲ ਸੈਂਟਰ ਦੇ ਪ੍ਰਬੰਧਕਾਂ ਕੋਲੋਂ ਪਤਾ ਲੱਗਿਆ ਹੈ ਕਿ ਜੰਮੂ ਵਾਲੇ ਰਾਗੀ ਜਥੇ ਦੇ ਮੁਖੀ ਭਾਈ ਜਨਕ ਸਿੰਘ ਬੀਤੇ ਕੁੱਝ ਦਿਨਾਂ ਤੋਂ ਲਾਪਤਾ ਹਨ। ਉਨ੍ਹਾਂ ਨੇ ਆਉਣ ਵਾਲੀ 16 ਤਰੀਕ ਨੂੰ ਵਾਪਸ ਪੰਜਾਬ ਪਰਤਣਾ ਸੀ। ਪਰ ਇਸ ਸਮੇਂ ਗੁਰੂ ਘਰ ਵਲੋਂ ਉਨ੍ਹਾਂ ਨੂੰ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਵਿਚੇ ਛੱਡ ਕੇ ਕਿਧਰੇ ਫਰਾਰ ਹੋ ਗਏ ਹਨ। ਇਸੇ ਤਰ੍ਹਾਂ ਹੀ ਬੀਤੇ ਹਫ਼ਤੇ ਇਕ ਜਥੇ ਤੇ ਤਬਲਾਵਾਦਕ ਜਸਵਿੰਦਰ ਸਿੰਘ ਇਸੇ ਗੁਰੂ ਘਰ ਤੋਂ ਫਰਾਰ ਹੋ ਗਏ ਸਨ। ਪ੍ਰਬੰਧਕਾਂ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਰਾਗੀਆਂ ਦੀ ਸੂਚਨਾ ਪੁਲਸ ਨੂੰ ਦੇ ਰਹੇ ਹਾਂ। ਇਸ ਦੇ ਨਾਲ ਹੀ ਇਹ ਵੀ ਦੱਸਿਆ ਕਿ ਉਹ ਇਮੀਗ੍ਰੇਸ਼ਨ ਵਿਭਾਗ ਕੋਲ ਵੀ ਪਹੁੰਚ ਕਰਕੇ ਉਨ੍ਹਾਂ ਤੱਕ ਪੂਰੀ ਜਾਣਕਾਰੀ ਸਾਂਝੀ ਕਰਨਗੇ ਤਾਂ ਜੋ



ਇਹ ਲੋਕ ਕਿਸੇ ਢੰਗ ਨਾਲ ਰਿਫਿਊਜੀ ਕਲੇਮ ਕਰਨ 'ਚ ਕਮਾਯਾਬ ਨਾ ਹੋ ਸਕਣ। ਅਸੀਂ ਕੁੱਝ ਦਿਨ ਪਹਿਲਾਂ ਵੀ ਇਸ ਗੱਲ ਦਾ ਜ਼ਿਕਰ ਕੀਤਾ ਸੀ ਕਿ ਲਗਾਤਾਰ ਆਏ ਹਫ਼ਤੇ ਕੋਈ ਨਾ ਕੋਈ ਰਾਗੀ ਜਥੇ ਦਾ ਮੈਂਬਰ ਲਾਪਤਾ ਹੋ ਜਾਂਦਾ ਹੈ। ਕੁੱਝ ਇਕ ਗੁਰੂ ਘਰ ਵਲੋਂ ਅਜਿਹੇ ਰਾਗੀ ਜਥੇ ਨੂੰ ਬੁਲਾਉਣ ਲਈ ਤੇ ਫੇਰ ਉਨ੍ਹਾਂ ਨੂੰ ਭਜਾਉਣ ਲਈ ਮੋਟੇ ਪੈਸੇ ਵਟੋਰਨ ਦੀਆਂ ਖ਼ਬਰਾਂ ਵੀ ਮਿਲਦੀਆ ਰਹੀਆਂ ਹਨ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE / VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton, ON, L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd. Unit # 13, Mississauga, ON L5S 1T1

INSURANCE
Auto | Home | Business | Trucking | Life
ARMOUR — Best rates & Best Coverage
ਵਧੀਆ ਇੰਸ਼ੋਰੈਂਸ ਰੇਟਾਂ ਲਈ ਸੰਪਰਕ ਨੰਬਰ:
RAJESH SOOD (RAJ) CAIB (hons.), MBA (finance), RIBO
416-908-6237
Unit 1, 30 Topflight dr., Mississauga

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

Canada Consumer Credit Assistance — ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ? ਗਾਰਨਿਸ਼ਮੈਂਟ? ਬੈਂਕ ਵਲੋਂ ਪੈਸੇ ਦੀ ਮੰਗ? ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance, Walkie pallet, Electric Motor, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS — Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre — Avon Financial Inc.
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500
900 Raylawson Blvd. Unit # 6, Brampton

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL 416 938 4598

ਨਵਾਂ ਘਾਹ ਲਵਾਉ | 647-784-1213 www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Dr. Randhawa Dentistry
Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
Countryside Dr

APEX
CONCRETE & LANDSCAPE
RESIDENTIAL & COMMERCIAL
Add Value to your Home by Offering Beautiful High Quality Landscaping and Concrete Work at an Affordable Prize
FREE ESTIMATE
Limited Life Time Warranty
- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO
647-575-6102
Email: apexconstruc16@gmail.com
Laddi

You can
Place Your Business Here
To Reach Wider Audience
For more info Call 905-793-2202 or e-mail ads@punjabipost.ca

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

RPC
Royal Pizza & Curry Hut
11am - 11pm | 7 Days a Week
184 Main Street South,
Unit D., Brampton
$8.97 +Tax
X-Large (16") Fully Loaded Pizza *With 5 Toppings (Any)
WE SPECIALIZE IN VEGAN FOOD
UNDER $10 CURRIES WITH FREE NAAN
LOTS TO CHOOSE FROM
905-450-2777
647-906-3295
Kotakpura Aata Chicken
Get $5 Off with Special Coupon from PunjabiPost
Was $25 NOW $20

You can
Place Your Business Here
To Reach Wider Audience
For more info Call 905-793-2202 or e-mail ads@punjabipost.ca

Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਸਿੱਧਾ ਜਾਣਾ ਨਨਕਾਣੇ ਨੂੰ ਨਗਰ ਕੀਰਤਨ,
ਭੇਜਣ ਵਾਲਿਆਂ ਦਾ ਹੋ ਗਿਆ ਭੇੜ ਭਾਈ।
ਫਾਸਲਾ ਵਾਹਵਾ ਈ ਦਿੱਲੀ ਦੇ ਲੀਡਰਾਂ ਦਾ,
ਕਦੇ ਵੀ ਹੋਣਾ ਨਹੀਂ ਇਨ੍ਹਾਂ ਦਾ ਨੇੜ ਭਾਈ।
ਦੂਸ਼ਣਬਾਜ਼ੀ ਵੀ ਹੁੰਦੀ ਆ ਬਹੁਤ ਤਕੜੀ,
ਦੋਵਾਂ ਈ ਦੇਣੇ ਹਨ ਬਖੀਏ ਉਧੇੜ ਭਾਈ।
ਨਾਂਅ ਨਾਨਕ ਦਾ ਸਿਰਫ ਹੈ ਲਿਖਣ ਖਾਤਰ,
ਬਾਕੀ ਦਿੱਸ ਰਿਹਾ ਸਿਆਸਤੀ ਗੇੜ ਭਾਈ।
ਚੱਲਣੀ ਸੰਗਤ ਆ ਜਥੇ ਦੇ ਨਾਲ ਜਿਹੜੀ,
ਉਹਦੇ ਸਮਝ ਨਾ ਪਵੇ ਪਿਆ ਕੱਖ ਭਾਈ।
ਬਾਬੇ ਨਾਨਕ ਨੂੰ ਸਿੱਖ ਪਏ ਅਰਜ਼ ਕਰਦੇ,
ਬਹੁੜੀਂ ਬਾਬਿਆ ਪੈਜ ਲਈਂ ਰੱਖ ਭਾਈ।

**ਤੀਸ ਮਾਰ ਖਾਂ**



ਹਲਕਾ ਸ੍ਰੀ ਹਰਗੋਬਿੰਦਪੁਰ ਤੋਂ ਮੌਜੂਦਾ ਐੱਮ.ਐੱਲ.ਏ. ਸ: ਬਲਵਿੰਦਰ ਸਿੰਘ ਲਾਡੀ ਹੁਰਾਂ ਦਾ ਕੱਲ੍ਹ ਟੋਰਾਂਟੋ ਪਹੁੰਚਣ ਉਤੇ ਗੁਰਸ਼ਰਨ ਬੌਬੀ ਸਿੱਧੂ ਦੇ ਗ੍ਰਹਿ ਵਿਖੇ ਨਿੱਘਾ ਸਵਾਗਤ ਕੀਤਾ ਗਿਆ। ਤਸਵੀਰ ਵਿਚ ਮੰਤਰੀ ਪ੍ਰਭਮੀਤ ਸਰਕਾਰੀਆ, ਕੌਂਸਲਰ ਹਰਕੀਰਤ ਸਿੰਘ, ਪੁਲਿਸ ਬੋਰਡ ਦੇ ਵਾਈਸ ਚੇਅਰ ਰੌਨ ਚੱਠਾ, ਇੰਦਰਜੀਤ ਬਲ, ਜਗਦੀਸ਼ ਗਰੇਵਾਲ, ਪਰਮਜੀਤ ਸਿੰਘ ਜੌਹਲ, ਪੰਕਜ ਸੰਧੂ, ਜਗੀਰ ਸਿੰਘ, ਭੁਪਿੰਦਰ ਸਿੰਘ, ਸੁਖਵਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਵਿਰਕ ਨਜ਼ਰ ਆ ਰਹੇ ਹਨ।

## ਲਿਬਰਲਾਂ ਤੋਂ ਮਾਮੂਲੀ ਲੀਡ ਨਾਲ ਕੰਜ਼ਰਵੇਟਿਵਾਂ ਨੇ ਸ਼ੁਰੂ ਕੀਤੀ ਚੋਣ ਮੁਹਿੰਮ : ਰਿਪੋਰਟ



ਵਾਅਨ, ਓਨਟਾਰੀਓ, 12 ਸਤੰਬਰ (ਪੋਸਟ ਬਿਊਰੋ) : ਫੋਰਮ ਰਿਸਰਚ ਦੇ ਨਵੇਂ ਡਾਟਾ ਅਨੁਸਾਰ ਐਂਡਰਿਊ ਸ਼ੀਅਰ ਦੀ ਕੰਜ਼ਰਵੇਟਿਵ ਪਾਰਟੀ ਆਪਣੇ ਮੁੱਖ ਵਿਰੋਧੀ ਲਿਬਰਲਾਂ ਤੋਂ ਮਾਮੂਲੀ ਅੱਗੇ ਚੱਲ ਰਹੀ ਹੈ। ਫੋਰਮ ਰਿਸਰਚ ਵੱਲੋਂ ਚੋਣ ਕੈਂਪੇਨ ਦੀ ਸ਼ੁਰੂਆਤ ਤੋਂ ਬਾਅਦ ਇਹ ਖੁਲਾਸਾ ਕੀਤਾ ਗਿਆ।

ਬੁੱਧਵਾਰ ਨੂੰ 1001 ਕੈਨੇਡੀਅਨ ਵੋਟਰਾਂ ਦੇ ਕੀਤੇ ਗਏ ਸਰਵੇਖਣ ਮੁਤਾਬਕ ਫੋਰਮ ਨੇ ਪਾਇਆ ਕਿ ਜੇ ਅੱਜ ਵੋਟਾਂ ਕਰਵਾਈਆਂ ਜਾਂਦੀਆਂ ਹਨ ਤਾਂ 36.3 ਫੀ ਸਦੀ ਵੋਟਰ ਕੰਜ਼ਰਵੇਟਿਵ ਪਾਰਟੀ ਨੂੰ ਹੀ ਵੋਟ ਪਾਉਣਗੇ ਜਦਕਿ 32.4 ਫੀ ਸਦੀ ਦਾ ਕਹਿਣਾ ਹੈ ਕਿ ਉਹ ਲਿਬਰਲਾਂ ਨੂੰ ਵੋਟ ਕਰਨਗੇ। ਗ੍ਰੀਨ ਪਾਰਟੀ 11.6 ਫੀ ਸਦੀ ਨਾਲ ਅਜੇ ਵੀ ਐਨਡੀਪੀ ਤੋਂ ਅੱਗੇ ਚੱਲ ਰਹੀ ਹੈ ਤੇ ਐਨਡੀਪੀ ਨੂੰ ਸਮਰਥਨ ਦੇਣ ਵਾਲਿਆਂ ਦੀ ਗਿਣਤੀ 8.6 ਫੀ ਸਦੀ ਹੈ।

ਫੋਰਮ ਦੇ ਅੰਦਾਜ਼ੇ ਮੁਤਾਬਕ ਬੁੱਧਵਾਰ ਨੂੰ ਆਏ ਇਸ ਸਰਵੇਖਣ ਦੇ ਨਤੀਜਿਆਂ ਵਿੱਚ ਕੰਜ਼ਰਵੇਟਿਵ 168 ਸੀਟਾਂ ਨਾਲ ਮਾਇਨਾਰਿਟੀ ਸਰਕਾਰ ਬਣਾ ਸਕਦੇ ਹਨ ਜਦਕਿ ਲਿਬਰਲਾਂ ਨੂੰ 138 ਸੀਟਾਂ ਮਿਲਣਗੀਆਂ। ਇਸ ਸਰਵੇਖਣ ਦੇ ਨਤੀਜਿਆਂ ਮੁਤਾਬਕ ਐਨਡੀਪੀ ਦੇ ਹਿੱਸੇ 16 ਸੀਟਾਂ, ਬਲਾਕ ਕਿਊਬਿਕੁਆ ਦੇ ਹਿੱਸੇ 11 ਸੀਟਾਂ ਤੇ ਗ੍ਰੀਨਜ਼ ਦੇ ਹਿੱਸੇ 5 ਸੀਟਾਂ ਆਉਣਗੀਆਂ। ਮੈਕਸਿਮ ਬਰਨੀਅਰ ਦੀ ਪਾਰਟੀ ਬਾਰੇ ਆਖਿਆ ਗਿਆ ਹੈ ਕਿ ਉਹ ਕੋਈ ਸੀਟ ਨਹੀਂ ਜਿੱਤ ਪਾਵੇਗੀ।

ਫੋਰਮ ਰਿਸਰਚ ਦੇ ਪ੍ਰੈਜ਼ੀਡੈਂਟ ਲੌਰਨੇ ਬੋਜ਼ੀਨੌਫ ਨੇ ਇੱਕ ਬਿਆਨ ਵਿੱਚ ਆਖਿਆ ਕਿ ਚੋਣ ਮੁਹਿੰਮ ਸ਼ੁਰੂ ਹੋਣ ਦੇ ਪਹਿਲੇ ਦਿਨ ਕੰਜ਼ਰਵੇਟਿਵਾਂ ਨੇ ਆਪਣੀ ਲੀਡ ਬਣਾ ਲਈ ਪਰ ਅਜੇ ਇਹ ਲੀਡ ਮਾਮੂਲੀ ਹੀ ਹੈ। ਇਸ ਸਮੇਂ ਕੈਨੇਡੀਅਨਾਂ ਲਈ ਐਨਵਾਇਰਮੈਂਟ ਤੇ ਅਰਥਚਾਰਾ ਹੀ ਮੁੱਖ ਮੁੱਦੇ ਹਨ। ਇਨ੍ਹਾਂ ਮੁੱਦਿਆਂ ਲਾਲ ਪਾਰਟੀਆਂ ਕਿਸ ਤਰ੍ਹਾਂ ਤਾਲਮੇਲ ਬਿਠਾਉਂਦੀਆਂ ਹਨ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਇਸ ਤੋਂ ਬਾਅਦ ਕੈਨੇਡੀਅਨ ਨੇ ਹੈਲਥ ਕੇਅਰ, ਟੈਕਸਿਜ਼ ਤੇ ਸਿੱਖਿਆ ਨੂੰ ਜ਼ਰੂਰੀ ਮੁੱਦੇ ਦੱਸਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਆਰਥਿਕ ਮੰਦੀ ਬਾਰੇ ਨਿਰਮਲਾ ਸੀਤਾਰਮਨ ਦੇ ਬਿਆਨ ਦਾ ਲੋਕਾਂ ਨੇ ਮਜ਼ਾਕ ਉਡਾਇਆ

ਨਵੀਂ ਦਿੱਲੀ, 12 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਦੇ ਉਸ ਬਿਆਨ ਦਾ ਲੋਕਾਂ ਨੇ ਸੋਸ਼ਲ ਮੀਡੀਆ ਉੱਤੇ ਖ਼ੂਬ ਮਜ਼ਾਕ ਉਡਾਇਆ ਹੈ, ਜਿਸ ਵਿਚ ਉਨ੍ਹਾਂ ਨੇ ਆਟੋਮੋਬਾਈਲ ਖੇਤਰ ਵਿਚ ਮੰਦੀ ਲਈ ਸਰਕਾਰੀ ਨੀਤੀਆਂ ਦੀ ਥਾਂ ਲੋਕਾਂ ਨੂੰ ਜ਼ਿੰਮੇਵਾਰ ਮੰਨਿਆ ਸੀ। ਮੰਤਰੀ ਦਾ ਇਹ ਬਿਆਨ ਆਉਂਦੇ ਸਾਰ ਹੀ ਸੋਸ਼ਲ ਮੀਡੀਆ ਯੂਜ਼ਰਸ ਨੇ ਝੱਟ ਉਨ੍ਹਾਂ ਨੂੰ ਟ੍ਰੋਲ ਕਰਨਾ ਸ਼ੁਰੂ ਕਰ ਦਿੱਤਾ ਤੇ ਕਈ ਕੁਮੈਂਟ ਕਰਕੇ ਮਜ਼ਾਕ ਉਡਾਇਆ ਹੈ।

ਇਕ ਸੋਸ਼ਲ ਮੀਡੀਆ ਯੂਜ਼ਰ ਨੇ ਲਿਖਿਆ ਹੈ ਕਿ 'ਚਾਹ ਇੰਡਸਟਰੀ ਮੰਦੀ ਦਾ ਸਾਹਮਣਾ ਕਰ ਰਹੀ ਹੈ, ਕਿਉਂਕਿ ਲੋਕ ਕੌਫ਼ੀ ਪੀਂਦੇ ਹਨ? ਕੱਪੜਾ ਇੰਡਸਟਰੀ ਮੰਦੀ ਦਾ ਸਾਹਮਣਾ ਕਰ ਰਹੀ ਹੈ, ਕਿਉਂਕਿ ਲੋਕ ਨੰਗਾ ਘੁੰਮਣਾ ਪਸੰਦ ਕਰਦੇ ਹਨ? ਮੈਨੂਫੈਕਚਰਿੰਗ ਸੈਕਟਰ ਮੰਦੀ ਦਾ ਸਾਹਮਣਾ ਕਰ ਰਿਹਾ ਹੈ, ਕਿਉਂਕਿ ਲੋਕ ਅਪਣਾ ਖਾਣਾ ਖੁਦ ਤਿਆਰ ਕਰਦੇ ਨੇ? ਕੁਝ ਵੀ!!!' ਵਿਭਾਸ਼ ਮਿਸ਼ਰਾ ਨਾਂਅ ਦੇ ਯੂਜ਼ਰ ਨੇ ਨਿਰਮਲਾ ਸੀਤਾਰਮਨ ਦੇ ਖਿਲਾਫ ਵਿਅੰਗ ਕੀਤਾ ਹੈ ਕਿ 'ਖੇਤੀ ਸੈਕਟਰ ਵਿਚ ਗਿਰਾਵਟ ਆ ਰਹੀ ਹੈ, ਕਿਉਂਕਿ ਹਜ਼ਾਰਾਂ ਲੋਕ ਦਾਲ-ਰੋਟੀ ਦੀ ਥਾਂ ਪੀਜ਼ਾ ਨੂੰ ਪਹਿਲ ਦੇ ਰਹੇ ਹਨ।' ਚੈੱਕਮੇਟ ਨਾਂਅ ਦੇ ਯੂਜ਼ਰ ਨੇ ਲਿਖਿਆ ਹੈ ਕਿ 'ਲੱਖਾਂ ਲੋਕ ਵਿਆਹ ਕਰਾਉਣ ਦੀ ਥਾਂ ਲਿਵ ਇਨ ਰਿਲੇਸ਼ਨਸ਼ਿਪ ਨੂੰ ਪਹਿਲ ਦੇਣ ਲੱਗੇ ਹਨ, ਜਿਸ ਕਾਰਨ ਬ੍ਰਾਹਮਣ, ਪੰਡਤ ਤੇ ਜੋਤਸ਼ੀ ਬੇਰੁਜ਼ਗਾਰ ਹੋ ਰਹੇ ਹਨ।'

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

## ਸਾਬਕਾ ਮੰਤਰੀ ਕੈਰੋਂ ਦੇ ਕਰੀਬੀ ਜੱਸੇ ਉੱਤੇ ਲੁੱਟ-ਖੋਹ ਦਾ ਕੇਸ

ਤਰਨ ਤਾਰਨ, 12 ਸਤੰਬਰ (ਪੋਸਟ ਬਿਊਰੋ)- ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਵਾਲੇ ਇੱਕ ਅਜਿਹੇ ਗੈਂਗ ਦਾ ਪੁਲਸ ਨੇ ਪਰਦਾ ਫਾਸ਼ ਕੀਤਾ ਹੈ, ਜੋ ਹਥਿਆਰਾਂ ਦੀ ਨੋਕ ਉਤੇ ਲੁੱਟ ਖੋਹ ਕਰਦੇ ਸਨ। ਇਸ ਗੈਂਗ ਦਾ ਮੁਖੀ ਜਸਕਰਨ ਸਿੰਘ ਉਰਫ ਜੱਸਾ ਵਾਸੀ ਕੁੱਲਾ ਰੋਡ ਪੱਟੀ ਦਾ ਰਹਿਣ ਵਾਲਾ ਹੈ, ਜੋ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦਾ ਕਰੀਬੀ ਹੈ ਅਤੇ ਵਾਟਸਐਪ ਉੱਤੇ ਕੈਰੋਂ ਯੂਥ ਗਰੁੱਪ ਦੇ ਨਾਂਅ ਦੇ ਗਰੁੱਪ ਦਾ ਐਡਮਿਨ ਹੈ।

ਦਰਜ ਹੋਏ ਇਸ ਕੇਸ ਵਿੱਚ ਨਾਮਜ਼ਦ ਜਸਕਰਨ ਸਿੰਘ ਪੁੱਤਰ ਪਿਆਰਾ ਸਿੰਘ, ਰਾਊ ਸਿੰਘ ਪੁੱਤਰ ਤੇਜਪਾਲ ਸਿੰਘ, ਸਕੱਤਰ ਸਿੰਘ ਉਰਫ ਕਾਡੀ ਪੁੱਤਰ ਨਿਸ਼ਾਨ ਸਿੰਘ ਸਾਰੇ ਵਾਸੀ ਕੁੱਲਾ ਰੋਡ ਪੱਟੀ ਨਾਲ ਰਾਜ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਕਿਲਾ ਪੱਤੀ ਥਾਣਾ ਸਦਰ ਪੱਟੀ ਨੂੰ ਸ਼ਾਮਲ ਕੀਤਾ ਗਿਆ ਹੈ। ਜਸਕਰਨ ਸਿੰਘ ਨੂੰ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦਾ ਕਰੀਬੀ ਮੰਨਿਆ ਜਾਂਦਾ ਹੈ। ਉਸ ਨੇ ਵਾਟਸਐਪ 'ਤੇ ਕੈਰੋਂ ਗਰੁੱਪ ਯੂਥ ਦੇ ਨਾਂਅ ਨਾਲ ਇੱਕ ਗਰੁੱਪ ਬਣਾਇਆ ਹੋਇਆ ਹੈ ਜਿਸ 'ਤੇ ਪੱਟੀ ਹਲਕੇ ਦੇ ਅਕਾਲੀ ਦਲ ਦੀਆਂ ਸਰਗਰਮੀਆਂ ਵਾਇਰਲ ਕਰਦਾ ਹੈ। ਡੀ ਐੱਸ ਪੀ ਕਮਲਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਕਿਸੇ ਦੀ ਗ੍ਰਿਫਤਾਰੀ ਨਹੀਂ ਕੀਤੀ ਗਈ। ਆਦੇਸ਼ ਪ੍ਰਤਾਪ ਸਿੰਘ ਦੇ ਪੀ ਏ ਖੁਸ਼ਵਿੰਦਰ ਸਿੰਘ ਭਾਟੀਆ ਕਹਿੰਦੇ ਹਨ ਕਿ ਜਸਕਰਨ ਅਕਾਲੀ ਦਲ ਦਾ ਸਮਰਥਕ ਹੈ, ਪਰ ਉਸ ਉਤੇ ਦਰਜ ਕੀਤੇ ਗਏ ਮਾਮਲੇ ਦੀ ਉਨ੍ਹਾਂ ਨੂੰ ਜਾਣਕਾਰੀ ਨਹੀਂ ਹੈ।

## ਪੁਲਸ ਨੇ ਪੰਜ ਮਿੰਟ ਪਹਿਲਾਂ ਸਿਵੇ ਤੋਂ ਲਾਸ਼ ਉਠਵਾਈ ਅਤੇ ਪਿਤਾ ਦੋਸ਼ੀ ਬਣ ਗਿਆ

ਨਵੀਂ ਦਿੱਲੀ, 12 ਸਤੰਬਰ (ਪੋਸਟ ਬਿਊਰੋ)- ਦਿੱਲੀ ਪੁਲਸ ਦੀ ਫੁਰਤੀ ਨੇ ਇੱਕ ਪਿਤਾ ਨੂੰ ਬੇਟੀ ਦਾ ਕਾਤਲ ਬਣਾਉਣ ਦਾ ਰਾਹ ਸਾਫ ਕਰ ਦਿੱਤਾ ਹੈ। ਜੇ ਪੰਜ ਮਿੰਟ ਦੀ ਦੇਰ ਹੋਈ ਹੁੰਦੀ ਤਾਂ ਪੁਲਸ ਨੂੰ ਸਿਰਫ ਰਾਖ਼ ਹੀ ਮਿਲਦੀ।

ਮ੍ਰਿਤਕ ਸ਼ੀਤਲ ਦੀ ਲਾਸ਼ ਦੀ ਪੋਸਟਮਾਰਟਮ ਰਿਪੋਰਟ ਤੋਂ ਪੁਲਸ ਨੂੰ ਪਤਾ ਲੱਗਾ ਕਿ ਉਸ ਦੀ ਮੌਤ ਸਾਹ ਘੁੱਟੇ ਜਾਣ ਨਾਲ ਹੋਈ ਹੈ। ਦਿੱਲੀ ਦੇ ਉਤਰ-ਪੱਛਮੀ ਜ਼ਿਲ੍ਹੇ ਦੇ ਡੀ ਸੀ ਪੀ ਵਿਜਯੰਤ ਆਰੀਆ ਨੇ ਦੱਸਿਆ ਕਿ ਲਖਨ ਦਾ ਪਰਵਾਰ ਆਜ਼ਾਦਪੁਰ ਦੇ ਲਾਲ ਬਾਗ ਇਲਾਕੇ ਦੇ ਬੀ ਬਲਾਕ ਵਿੱਚ ਰਹਿੰਦਾ ਹੈ। 23 ਜੁਲਾਈ ਦੀ ਰਾਤ ਭੇਤ ਭਰੀ ਹਾਲਾਤ ਵਿੱਚ ਸ਼ੀਤਲ ਦੀ ਮੌਤ ਦੀ ਖਬਰ ਗਲੀ-ਮੁਹੱਲੇ ਵਿੱਚ ਫੈਲ ਗਈ। ਬਾਹਰ ਵਾਲਿਆਂ ਅਤੇ ਰਿਸ਼ਤੇਦਾਰਾਂ ਨੂੰ ਦੱਸਿਆ ਗਿਆ ਕਿ ਸ਼ੀਤਲ ਦੀ ਮੌਤ ਬਿਮਾਰੀ ਨਾਲ ਹੋਈ ਹੈ। 24 ਜੁਲਾਈ ਨੂੰ ਉਸ ਦਾ ਪਿਤਾ ਲਖਨ (50) ਆਪਣੇ ਦੋਸਤ ਰਾਜੂ (32) ਅਤੇ ਕੁਝ ਹੋਰਾਂ ਲੋਕਾਂ ਨਾਲ ਸ਼ੀਤਲ ਦੀ ਲਾਸ਼ ਨੂੰ ਅੰਤਿਮ ਸਸਕਾਰ ਲਈ ਕੇਵਲ ਪਾਰਕ ਦੇ ਸ਼ਮਸ਼ਾਨ ਘਾਟ ਲੈ ਗਿਆ। ਸਿਵੇ 'ਤੇ ਲਾਸ਼ ਰੱਖਣ ਪਿੱਛੋਂ ਅੰਤਿਮ ਸਸਕਾਰ ਦੇ ਕਰਮ ਕਾਂਡ ਜਲਦੀ ਵਿੱਚ ਕੀਤੇ ਜਾ ਰਹੇ ਸਨ ਕਿ ਓਥੇ ਪਹੁੰਚੀ ਆਦਰਸ਼ ਨਗਰ ਥਾਣੇ ਦੀ ਪੁਲਸ ਨੂੰ ਦੇਖ ਕੇ ਲੋਕਾਂ ਦਾ ਸ਼ੱਕ ਯਕੀਨ ਵਿੱਚ ਬਦਲ ਗਿਆ। ਪੁਲਸ ਨੇ ਦੱਸਿਆ ਲੜਕੀ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਕਰਵਾਇਆ ਤਾਂ ਰਿਪੋਰਟ ਤੋਂ ਪਤਾ ਲੱਗਾ ਕਿ ਸ਼ੀਤਲ ਦੀ ਮੌਤ ਸਾਹ ਘੁੱਟਣ ਨਾਲ ਹੋਈ ਹੈ। ਜਦ ਸ਼ੀਤਲ ਦੇ ਪਿਤਾ ਲਖਨ ਤੋਂ ਸਖਤੀ ਨਾਲ ਪੁੱਛਿਆ ਤਾਂ ਉਹ ਟੁੱਟ ਗਿਆ। ਅਸਲ ਵਿੱਚ ਸ਼ੀਤਲ ਦੂਸਰੀ ਜਾਤ ਦੇ ਲੜਕੇ ਨਾਲ ਪਿਆਰ ਕਰਦੀ ਸੀ ਅਤੇ ਵਿਆਹ ਕਰਨਾ ਚਾਹੁੰਦੀ ਸੀ। ਲਖਨ ਨੇ ਸਮਾਜ ਵਿੱਚ ਆਪਣੀ ਇੱਜ਼ਤ ਬਚਾਉਣ ਦੇ ਲਈ ਸ਼ੀਤਲ ਦੀ ਹੱਤਿਆ ਕਰਨ (ਆਨਰ ਕਿਲਿੰਗ) ਦਾ ਕਦਮ ਚੁੱਕਿਆ ਸੀ।

PUNJABI POST
NOW HIRING!
SALES EXECUTIVES
Salary + Commison, Potential to earn $50,000/Year, Must have Own Car, Fluent in English & Punjabi.
Send your resume at: balwinder@punjabipost.ca
Call Punjabi Post: 905.793.2202

UKTTC
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
○1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਕਰਤਾਰਪੁਰ ਲਾਂਘਾ: ਪਾਕਿਸਤਾਨ ਵੱਲੋਂ ਰੱਖੀ 20 ਡਾਲਰ ਫੀਸ ਦਾ ਭਾਰਤ ਵੱਲੋਂ ਵਿਰੋਧ



ਨਵੀਂ ਦਿੱਲੀ, 12 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਵਿਚਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਵਿੱਚ ਜਾਣ ਵਾਲੇ ਸਿੱਖ ਸ਼ਰਧਾਲੂਆਂ ਤੋਂ ਸਰਵਿਸ ਫੀਸ 20 ਡਾਲਰ (ਭਾਰਤੀ ਕਰੰਸੀ ਦੇ ਕਰੀਬ 1400 ਰੁਪਏ) ਵਸੂਲ ਕੀਤੇ ਜਾਣ ਲਈ ਪਾਕਿਸਤਾਨ ਦੀ ਤਜਵੀਜ਼ ਦਾ ਭਾਰਤ ਸਰਕਾਰ ਨੇ ਸਖ਼ਤ ਵਿਰੋਧ ਕੀਤਾ ਅਤੇ ਇਸ ਬਾਰੇ ਥੋੜ੍ਹਾ ਨਰਮ ਰੁਖ਼ ਵਰਤਣ ਦੀ ਅਪੀਲ ਕੀਤੀ ਹੈ ਤਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਸਮਾਗਮ ਦੇ ਦੌਰਾਨ ਓਥੇ ਸਿੱਖ ਸ਼ਰਧਾਲੂਆਂ ਦੇ ਓਥੇ ਪਹੁੰਚਣ ਅਤੇ ਸ਼ਰਧਾ ਭੇਟ ਕਰਨ ਨੂੰ ਯਕੀਨੀ ਬਣਾਇਆ ਜਾ ਸਕੇ।

ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲ-ਾਰੇ ਰਵੀਸ਼ ਕੁਮਾਰ ਨੇ ਅੱਜ ਵੀਰਵਾਰ ਨੂੰ ਦੱਸਿਆ ਕਿ ਬੀਤੀ ਚਾਰ ਸਤੰਬਰ ਨੂੰ ਭਾਰਤ-ਪਾਕਿ ਸਰਹੱਦ ਉੱਤੇ ਅਟਾਰੀ-ਵਾਹਗਾ ਇੰਟਰਨੈਸ਼ਨਲ ਚੈੱਕ ਪੋਸਟ ਵਿਖੇਤੀਸਰੀ ਸੈਕਟਰੀ ਪੱਧਰ ਦੀ ਬੈਠਕ ਦੇ ਦੌਰਾਨ ਭਾਰਤ ਸਰਕਾਰ ਨੇ ਖੁੱਲ੍ਹੇ ਦਿਲ ਨਾਲ ਸਾਰੇ ਮੁੱਦੇ ਸੁਲਝਾਉਣ ਦੀਆਂ ਕੋਸ਼ਿਸ਼ਾਂ ਦੀ ਗੱਲ ਕਹੀ ਸੀ, ਪਰ ਦੂਸਰੇ ਪਾਸੇ ਪਾਕਿਸਤਾਨ ਸਰਕਾਰ ਨੇ ਸ਼ਰਧਾਲੂਆਂ ਨੂੰ ਮੁਫ਼ਤ ਲਾਂਘਾ ਦੇਣ ਦੀ ਥਾਂ 20 ਡਾਲਰ ਪ੍ਰਤੀ ਵਿਅਕਤੀ ਸਰਵਿਸ ਫੀਸ ਵਸੂਲਣ ਦੀ ਸ਼ਰਤ ਰੱਖ ਦਿੱਤੀ ਹੈ। ਇਸ ਉੱਤੇ ਭਾਰਤ ਨੇ ਇਤਰਾਜ਼ ਕੀਤਾ ਤੇ ਕਿਹਾ ਹੈ ਕਿ ਤੀਰਥ ਯਾਤਰਾ ਵਿਚ ਏਦਾਂ ਫੀਸ ਨਹੀਂ ਵਸੂਲੀ ਜਾ ਸਕਦੀ। ਭਾਰਤ ਨੇ ਪਾਕਿਸਤਾਨ ਨੂੰ ਇਸ ਬਾਰੇ ਮੁੜ-ਵਿਚਾਰ ਕਰਨ ਲਈ ਕਿਹਾ ਹੈ।

ਵਰਨਣ ਯੋਗ ਹੈ ਕਿ ਅਟਾਰੀ-ਵਾਹਗਾ ਬਾਰਡਰ ਵਾਲੀ ਭਾਰਤ ਅਤੇ ਪਾਕਿ-ਸਤਾਨ ਦੀ ਸਾਂਝੀ ਬੈਠਕ ਹਰ ਤਰ੍ਹਾਂ ਦੀ ਪ੍ਰਕਿਰਿਆ ਅਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਚ ਸ਼ਰਧਾਲੂਆਂ ਨੂੰ ਸਹੂਲਤਾਂ ਦੇਣ ਲਈ ਕੀਤੀ ਗਈ ਹੈ। ਭਾਰਤ ਨੇ ਆਸ ਪ੍ਰਗਟ ਕੀਤੀ ਹੈ ਕਿ ਪੈਂਡਿੰਗ ਮਾਮਲੇ ਸੁਲਝਾ ਲਏ ਜਾਣਗੇ। ਰਵੀਸ਼ ਕੁਮਾਰ ਨੇ ਦੱਸਿਆ ਕਿ ਖ਼ਾਸ ਮੌਕਿਆਂਦੌਰਾਨ ਪਾਕਿਸਤਾਨ ਦੇਗੁਰਦੁਆਰਾ ਕਰਤਾਰਪੁਰ ਸਾਹਿਬ ਵਿਚ 10 ਹਜ਼ਾਰ ਸ਼ਰਧਾਲੂ ਭੇਜਣ ਦੀ ਤਜਵੀਜ਼ ਉੱਤੇ ਵੀ ਪਾਕਿਸਤਾਨ ਦੀ ਟਾਲ-ਮਟੋਲ ਦਾ ਭਾਰਤ ਸਰਕਾਰ ਨੇ ਵਿਰੋਧ ਕੀਤਾ ਹੈ।

# ਉੜੀਸਾ ਸਰਕਾਰ ਨੇ ਕਈ ਮੱਠ ਢਾਹੇ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਸਥਾਨ ਵੀ ਢਾਹਿਆ



ਭੁਵਨੇਸ਼ਨਵਰ, 12 ਸਤੰਬਰ, (ਪੋਸਟ ਬਿਊਰੋ)-ਉੜੀਸਾ ਦੇ ਪ੍ਰਸਿੱਧ ਤੀਰਥਾਂ ਵਾਲੇ ਸ਼ਹਿਰ ਪੁਰੀ ਵਿੱਚ ਜਗਨਨਾਥ ਮੰਦਰ ਦੇ 75 ਮੀਟਰ ਘੇਰੇ ਵਿੱਚ ਮੌਜੂਦ ਮੱਠਾਂ ਨੂੰ ਢਾਹੇ ਜਾਣ ਦੀ ਕਾਰਵਾਈ ਵੇਲੇ ਜ਼ਿਲ੍ਹਾ ਪ੍ਰਸ਼ਾਸਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਬਣਾਏ ਗਏ ਮੰਗੂ ਮੱਠ ਅਤੇ ਪੰਜਾਬੀ ਮੱਠ ਨੂੰ ਵੀ ਢਾਹ ਦਿੱਤਾ ਹੈ।

ਇਸ ਬਾਰੇ ਸੀਨੀਅਰ ਵਕੀਲ ਅਤੇ ਸੋਸ਼ਲ ਵਰਕਰ ਸੁਖਵਿੰਦਰ ਕੌਰ ਤੇ ਇਤਿਹਾਸਕਾਰ ਅਨਿਲ ਧੀਰ ਨੇ ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੂੰ ਪੱਤਰ ਭੇਜ ਕੇ ਕਿਹਾਹੈ ਕਿ ਇਹ ਦੁੱਖ ਦੀ ਗੱਲ ਹੈ ਕਿ ਸਾਰੀ ਦੁਨੀਆ ਵਿੱਚਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ ਤਾਂ ਉੜੀਸਾ ਸਰਕਾਰ ਉਨ੍ਹਾਂ ਦਾ ਇਕ ਇਤਿਹਾਸਕ ਸਥਾਨਢਾਹ ਰਹੀ ਹੈ,ਜਿੱਥੇ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਯਾਤਰਾ ਵੇਲੇ ਕੁਝ ਸਮਾਂ ਬਤੀਤ ਕੀਤਾ ਸੀ। ਇਸ ਨਾਲ ਦੁਨੀਆ ਦੇ ਸਿੱਖਾਂ ਵਿੱਚ ਰੋਸ ਫੈਲਿਆ ਹੈ।ਅਨਿਲ ਧੀਰ ਨੇ ਕਿਹਾ ਕਿ ਸਿੱਖ ਪ੍ਰਚਾਰਕ ਭਾਈ ਅਲਮਸਤ, ਬਾਬਾ ਗੁਰਦਿੱਤਾ ਜੀ ਦੇ ਚੇਲੇ ਸਨ। ਬਾਬਾ ਜੀ ਨੇ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਪੂਰਬੀ ਭਾਰਤ ਵਿਚ ਪ੍ਰਚਾਰਨ ਲਈ ਭੇਜਿਆ ਅਤੇ ਉੜੀਸਾ ਦੇ ਪੁਰੀ ਨਗਰ ਵਿਚ ਗੁਰੂ ਨਾਨਕ ਦੇਵ ਜੀ ਦੀ ਜਗਨਨਾਥ ਮੰਦਰ ਆਉਣਬਾਰੇਉਨ੍ਹਾਂ ਨੇ ਯਾਦਗਾਰ ਬਣਾਈ ਸੀ, ਜਿਹੜੀ 'ਗੁਰਦੁਆਰਾ ਮੰਗੂ ਮਠ' ਵਜੋਂ ਪ੍ਰਸਿੱਧ ਹੋਈ ਸੀ।

ਵਰਨਣ ਯੋਗ ਹੈ ਕਿ ਜਗਨਨਾਥ ਮੰਦਰ ਦੇ 75 ਮੀਟਰ ਦੇ ਜਿਸ ਘੇਰੇ ਨੂੰ ਸਰਕਾਰ ਨੇ ਖਾਲੀ ਕਰਾਉਣ ਦਾ ਫ਼ੈਸਲਾ ਲਿਆ ਹੈ, ਉਸ ਵਿੱਚ 900 ਸਾਲ ਪਹਿਲਾਂ ਬਣਿਆ ਇਤਿਹਾਸਕ ਏਮਾਰ ਮੱਠ (ਜਿੱਥੇ ਕੁਝ ਸਾਲ ਪਹਿਲਾਂ ਵੱਡੀ ਗਿਣਤੀ ਵਿੱਚਚਾਂਦੀ ਦੀਆਂ ਦਰਜਨਾਂ ਇੱਟਾਂ ਮਿਲੀਆਂ ਸਨ), ਲੰਗੁਲੀ ਮਠ, ਸਾਨਛਤਾ ਮਠ, ਰਾਧਾਬੱਲਭ ਮਠ, ਮੰਗੂ ਮਠ, ਪੰਜਾਬੀ ਮਠ, ਰਾਘਵ ਦਾਸ ਮਠ, ਉੱਤਰ-ਪੱਛਮ ਮਠ, ਦੱਖਣ ਪੱਛਮ ਮਠ, ਤ੍ਰਿਮਾਲੀ ਮਠ, ਕਟਕੀ ਮਠ, ਛਾਉਣੀ ਮਠ, ਯਾਤਰੀ ਨਿਵਾਸ ਅਤੇ ਆਮ ਲੋਕਾਂ ਦੇ 175 ਘਰ ਆਉਂਦੇ ਹਨ। ਪ੍ਰਸ਼ਾਸਨ ਪਹਿਲਾਂ ਮਠਾਂ ਨੂੰ ਤੋੜ ਰਿਹਾ ਹੈ। ਫਿਰ ਉਹ ਘਰ ਤੋੜਨੇ ਹਨ, ਜਿਹੜੇ ਜਗਨਨਾਥ ਮੰਦਰ ਦੀ ਜ਼ਮੀਨਉੱਤੇ ਗ਼ੈਰ-ਕਾਨੂੰਨੀ ਕਬਜ਼ਾ ਕਰ ਕੇ ਬਣੇ ਜਾਂ ਇਸ ਘੇਰੇ ਵਿੱਚ ਆਏ ਹਨ।

ਰਾਜ ਸਰਕਾਰ ਦਾ ਕਹਿਣਾ ਹੈ ਕਿ ਤੋੜੇ ਜਾ ਰਹੇ ਇਨ੍ਹਾਂ ਮਠਾਂ ਨੂੰ 75 ਮੀਟਰ ਘੇਰੇ ਤੋਂ ਦੂਰ ਉਸੇ ਸ਼ਕਲ ਵਿੱਚਫਿਰ ਬਣਾਇਆ ਜਾਵੇਗਾ, ਜਿਸ ਲਈ ਇਕ ਸਬ ਕਮੇਟੀ ਬਣਾਈ ਗਈ ਹੈ। ਸਰਕਾਰ ਦਾ ਕਹਿਣਾ ਹੈ ਕਿ ਪੁਰੀ ਨੂੰ ਇਤਿਹਾ-ਸਕ ਸ਼ਹਿਰ ਬਣਾਉਣ ਅਤੇ ਜਗਨਨਾਥ ਮੰਦਰਉੱਤੇ ਅਤਿਵਾਦੀ ਹਮਲੇ ਦੀਆਂ ਖੁਫੀਆ ਰਿਪੋਰਟਾਂ ਪਿੱਛੋਂ ਸੁਰੱਖਿਆ ਵਾਸਤੇ 75 ਮੀਟਰ ਇਲਾਕੇ ਨੂੰ ਖਾਲੀ ਕਰਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇਬੀਤੇ ਐਤਵਾਰ ਮਠਾਂ ਨੂੰ ਢਾਹੁਣ ਦੀ ਕਾਰਵਾਈ ਸ਼ੁਰੂ ਕੀਤੀ ਤੇਸਭ ਤੋਂ ਪਹਿਲਾਂ ਵੱਡਾ ਅਖਾੜਾ ਮਠ ਢਾਹਿਆ ਸੀ। ਇਹ ਵੱਡਾ ਅਖਾੜਾ ਨਾਗਾ ਸਾਧੂਆਂ ਨੇ ਸਾਲ 1402 ਵਿੱਚਸ਼ੁਰੂ ਕੀਤਾ ਸੀ। ਇਸ ਕਾਰਵਾਈ ਮੌਕੇ ਭਾਰੀ ਸੁਰੱਖਿਆ ਫੋਰਸ ਤਾਇਨਾਤ ਕੀਤੀ ਗਈ ਸੀ।

# ਭਾਰਤੀ ਤੇ ਚੀਨੀ ਫ਼ੌਜੀਆਂ ਵਿਚਾਲੇ ਸਰਹੱਦ ਉੱਤੇ ਧੱਕਾ-ਮੁੱਕੀ

ਨਵੀਂ , 12 ਸਤੰਬਰ, (ਪੋਸਟ ਬਿਊਰੋ)- ਇਕ ਪਾਸੇ ਪਾਕਿਸਤਾਨ ਦੇ ਨਾਲ ਤਨਾਅ ਚੱਲਦੇ ਦੌਰਾਨ ਬੀਤੇ ਬੁੱਧਵਾਰ ਨੂੰ ਪੂਰਬੀ ਲੱਦਾਖ ਵਿੱਚਭਾਰਤ ਤੇ ਚੀਨ ਦੇ ਫੌਜੀ ਜਵਾਨ ਵੀ ਭਿੜਨ ਦੀ ਖਬਰ ਆਈ ਹੈ। ਜਾਣਕਾਰ ਸੂਤਰਾਂ ਮੁਤਾਬਕ ਭਾਰਤੀ ਅਤੇ ਚੀਨੀ ਫੌਜੀਆਂ ਵਿਚਾਲੇ ਕਾਫ਼ੀ ਦੇਰ ਧੱਕਾ-ਮੁੱਕੀ ਹੁੰਦੀ ਰਹੀ। ਇਹ ਘਟਨਾ 134 ਕਿਲੋਮੀਟਰ ਲੰਮੀ ਪੈਂਗੋਂਗ ਝੀਲ ਦੇ ਉੱਤਰੀ ਕੰਡੇ ਉੱਤੇਵਾਪਰੀ, ਜਿਸਦੇ ਇੱਕ ਤਿਹਾਈ ਹਿੱਸੇ ਉੱਤੇ ਚੀਨ ਦਾ ਕਬਜ਼ਾ ਹੈ। ਦੋਵਾਂ ਪੱਖਾਂ ਦੇ ਪ੍ਰਤੀਨਿਧ ਮੰਡਲ ਪੱਧਰ ਉੱਤੇ ਗੱਲਬਾਤ ਤੋਂ ਬਾਅਦ ਹਾਲਤ ਆਮ ਵਰਗੀ ਹੋ ਗਈ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਭਾਰਤੀ ਫੌਜੀ ਪਟਰੌਲਿੰਗਉੱਤੇ ਸਨ ਕਿ ਉਨ੍ਹਾਂ ਦਾ ਸਾਹ-ਮਣਾ ਚੀਨ ਦੇ ਪੀਪਲਸ ਲਿਬਰੇਸ਼ਨ ਆਰਮੀ ਦੇ ਫੌਜੀਆਂ ਨਾਲ ਹੋ ਗਿਆ। ਚੀਨੀ ਫ਼ੌਜੀਆਂ ਨੇ ਇਸ ਇਲਾਕੇ ਵਿੱਚ ਭਾਰਤੀ ਫੌਜੀਆਂ ਦੇ ਆਉਣ ਦਾ ਵਿਰੋਧ ਕੀਤਾ ਤਾਂ ਇਸ ਪਿੱਛੋਂ ਦੋਵਾਂ ਧਿਰਾਂ ਦੇ ਫੌਜੀਆਂ ਵਿਚਾਲੇ ਧੱਕਾ-ਮੁੱਕੀ ਹੋਣ ਲੱਗੀ। ਇਸ ਬਾਰੇ ਭਾਰਤੀ ਫੌਜ ਵੱਲੋਂ ਏਨਾ ਕਿਹਾ ਗਿਆ ਹੈ ਕਿ ਤਨਾਅ ਘੱਟ ਕਰਨ ਲਈ ਬਣਾਏ ਦੁਵੱਲੇ ਪ੍ਰਬੰਧ ਦੇ ਅਧੀਨ ਦੋਵੇਂ ਪੱਖ ਬ੍ਰਿਗੇਡੀਅਰ ਪੱਧਰ ਦੇ ਅਧਿਕਾਰੀਆਂ ਦੀ ਗੱਲਬਾਤ ਨੂੰ ਸਹਿਮਤ ਹਨ। ਇੱਕ ਅਧਿਕਾਰੀ ਨੇ ਕਿਹਾ, ਲਾਈਨ ਆਫ ਐਕਚੁਅਲ ਕੰਟਰੋਲ (ਐੱਲ ਓ ਏ ਸੀ) ਦੀ ਹਾਲਤ ਬਾਰੇ ਦੋਵਾਂ ਪੱਖਾਂ ਦੀ ਵੱਖੋ-ਵੱਖ ਮਾਨਤਾ ਹੋਣ ਕਰ ਕੇ ਏਦਾਂ ਦੀਆਂ ਘਟਨਾਵਾਂ ਹੋ ਜਾਂਦੀਆਂ ਹਨ, ਪਰ ਇਨ੍ਹਾਂ ਦਾ ਬਾਰਡਰ ਪਰਸੋਨਲ ਮੀਟਿੰਗ ਜਾਂ ਫਲੈਗ ਮੀਟਿੰਗ ਨਾਲ ਹੱਲ ਕਰ ਲਿਆ ਜਾਂਦਾ ਹੈ।ਭਾਰਤੀ ਅਤੇ ਚੀਨੀ ਫੌਜੀਆਂ ਵਿਚਾਲੇ ਧੱਕਾ-ਮੁੱਕੀਬਾਰੇ ਭਾਰਤੀ ਫੌਜ ਨੇ ਕਿਹਾ ਕਿ ਦੋਵਾਂ ਪੱਖਾਂ ਦੀ ਪ੍ਰਤੀਨਿਧ ਮੰਡਲ ਦੀ ਗੱਲਬਾਤ ਦੇ ਨਾਲ ਤਨਾਅ ਖਤਮ ਹੋ ਗਿਆ ਹੈ।

# ਮਮਤਾ ਵੱਲੋਂ ਐੱਨ ਆਰ ਸੀ ਵਿਰੁੱਧ ਮਾਰਚ, ਭਾਜਪਾ ਦੇ ਵਿਰੁੱਧ ਭਾਸ਼ਣ



ਕੋਲਕਾਤਾ, 12 ਸਤੰਬਰ, (ਪੋਸਟ ਬਿਊਰੋ)-ਕੇਂਦਰ ਸਰਕਾਰ ਦੇ ਖਿਲਾਫਲਗਭਗ ਹਰ ਮਾਮਲੇ ਵਿੱਚ ਵੱਖਰਾ ਰੁਖ ਰੱਖਣ ਵਾਲੀ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਐੱਨ ਆਰ ਸੀ ਮੁੱਦੇਉੱਤੇ ਸਾਫ ਸ਼ਬਦਾਂ ਵਿੱਚ ਚਿਤਾਵਨੀ ਦੇ ਦਿੱਤੀ ਹੈ ਕਿ 'ਤੁਸੀਂ ਬੰਗਾਲ ਵਿੱਚਇਹ ਕੁਝ ਨਹੀਂ ਕਰ ਸਕੋਗੇ।'

ਆਸਾਮ ਵਿੱਚ ਜਾਰੀ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ (ਐੱਨ ਆਰ ਸੀ) ਦੇ ਵਿਰੁੱਧ ਬੈਨਰਜੀ ਨੇ ਅੱਜ ਏਥੇ ਵਿਰੋਧ ਮਾਰਚ ਕੱਢਿਆ। ਪਾਰਟੀ ਦੇ ਸੀਨੀਅਰ ਨੇਤਾਵਾਂ ਤੇ ਸੈਂਕੜੇ ਵਰਕਰਾਂ ਨਾਲ ਮਮਤਾ ਬੈਨਰਜੀ ਨੇ ਖੁਦ ਸੜਕਉੱਤੇਆਣ ਕੇ ਇਸ ਵਿਰੋਧ ਮਾਰਚ ਦੀ ਅਗਵਾਈ ਕੀਤੀ ਤੇ ਕਿਹਾ ਕਿ ਜਿਵੇਂ ਆਸਾਮੀ ਲੋਕਾਂ ਦੀ ਆਵਾਜ਼ ਬੰਦ ਕੀਤੀ ਹੈ, ਏਦਾਂਬੰਗਾਲ ਵਿੱਚ ਨਹੀਂ ਹੋਵੇਗਾ। ਮਮਤਾ ਬੈਨਰਜੀ ਨੇ ਕੇਂਦਰ ਦੀ ਮੋਦੀ ਸਰਕਾਰਉੱਤੇ ਨਿਸ਼ਾਨਾ ਸਾਧਦੇ ਹੋਏ ਕਿਹਾ, 'ਤੁਸੀਂ ਜਿਸ ਤਰ੍ਹਾਂ ਆਸਾਮ ਵਿੱਚ ਆਪਣੀ ਪੁਲਸ ਦੀ ਵਰਤੋਂ ਕਰ ਕੇ ਲੋਕਾਂ ਦੀ ਆਵਾਜ਼ ਦਬਾਈ ਹੈ, ਅਜਿਹਾ ਬੰਗਾਲ ਵਿੱਚ ਨਹੀਂ ਕਰ ਸਕੋਗੇ। ਅਚਾਨਕ ਤੁਸੀਂ ਸਾਨੂੰ (ਤ੍ਰਿਣਮੂਲ ਕਾਂਗਰਸ ਨੂੰ) ਧਰਮਦਾ ਗਿਆਨ ਦੇ ਰਹੇ ਹੋ, ਜਿਵੇਂ ਅਸੀਂ ਈਦ, ਦੁਰਗਾ ਪੂਜਾ, ਮੁਹਰਰਮ, ਛਠ ਪੂਜਾ ਨਹੀਂ ਮਨਾਉਂਦੇ, ਅਸੀਂ ਵੀ ਧਰਮ ਨੂੰ ਮੰਨਦੇ ਹਾਂ।' ਉਨ੍ਹਾਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਲੋਕਾਂ ਨੂੰ ਵੰਡਣ ਦੇ ਯਤਨ ਕਰਨ ਵਾਲੇ ਅੱਗ ਨਾਲ ਖੇਡ ਰਹੇ ਹਨ, ਜੇ ਭਾਜਪਾ ਨੇ ਐੱਨ ਆਰ ਸੀ ਦੇ ਬਹਾਨੇ ਬੰਗਾਲ ਵਿਚ ਇਕ ਵੀ ਵਿਅਕਤੀ ਨੂੰ ਹੱਥ ਲਾਇਆ ਤਾਂ ਅਸੀਂ ਉਨ੍ਹਾਂ ਨੂੰ ਸਬਕ ਸਿਖਾ ਦਿਆਂਗੇ।

ਉੱਤਰੀ ਕੋਲਕਾਤਾ ਵਿਚ ਪੰਜ ਕਿਲੋਮੀਟਰ ਲੰਮੀ ਪੈਦਲ ਯਾਤਰਾ ਤੋਂ ਬਾਅਦ ਰੈਲੀ ਨੂੰ ਸੰਬੋਧਨ ਕਰਦੇ ਹੋਏ ਮਮਤਾ ਬੈਨਰਜੀ ਨੇ ਕਿਹਾ, 'ਜਦੋਂ ਤਕ ਮੈਂ ਜ਼ਿੰਦਾ ਹਾਂ, ਬੰਗਾਲ ਵਿੱਚ ਐੱਨ ਆਰ ਸੀ ਲਾਗੂ ਨਹੀਂ ਹੋਣ ਦਿਆਂਗੀ। ਮੈਂ ਮਰ ਜਾਵਾਂ ਤਾਂ ਮੇਰੇ ਨੌਜਵਾਨ ਨੇਤਾ ਇਸ ਰਾਜ ਦੇ ਲੋਕਾਂ ਨੂੰ ਧਰਮ ਦੇ ਨਾਂਉੱਤੇ ਵੰਡਣ ਦੀ ਸਾਜ਼ਿਸ਼ ਦੇ ਖ਼ਿਲਾਫ਼ ਲੜਨਗੇ। ਬੰਗਾਲ ਕਦੇ ਸਿਰ ਨਹੀਂ ਝੁਕਾ ਸਕਦਾ। ਇੱਥੇ ਹਿੰਸਾ ਫੈਲਾ ਕੇ ਕੋਈ ਲਾਭ ਨਹੀਂ ਹੋਵੇਗਾ। ਤੁਸੀਂ ਅਸਾਮ ਵਿਚ ਪੁਲਿਸ ਦੀ ਵਰਤੋਂ ਕਰਕੇ ਉਥੋਂ ਦੇ ਲੋਕਾਂ ਦਾ ਮੂੰਹ ਬੰਦ ਕਰਵਾ ਸਕਦੇ ਹੋ, ਬੰਗਾਲ ਦਾ ਮੂੰਹ ਬੰਦ ਨਹੀਂ ਕਰ ਸਕੋਗੇ।'

ਵਰਨਣ ਯੋਗ ਹੈ ਇਸ ਤੋਂ ਪਹਿਲਾਂ ਐੱਨ ਆਰ ਸੀ ਖ਼ਿਲਾਫ਼ ਤ੍ਰਿਣਮੂਲ ਕਾਂਗਰਸ ਨੇ 7 ਅਤੇ 8 ਸਤੰਬਰ ਨੂੰ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿਚ ਜਲੂਸ ਕੱਢ ਕੇ ਵਿਰੋਧ ਪ੍ਰਦਰਸ਼ਨ ਕੀਤਾ ਸੀ।

ਇਸ ਮੌਕੇ ਮਮਤਾ ਬੈਨਰਜੀ ਨੇ ਭਾਜਪਾਉੱਤੇ ਹਮਲਾ ਬੋਲਦੇ ਹੋਏ ਕਿਹਾ ਕਿ ਰਾਜਸੀ ਲਾਭ ਲਈ ਲੋਕਾਂ ਨੂੰ ਫ਼ਿਰਕੂ ਆਧਾਰਉੱਤੇ ਵੰਡਣ ਦੀ ਕੋਸ਼ਿਸ਼ ਹੋ ਰਹੀ ਹੈ। ਇਹ ਹੋਂਦ ਦੀ ਰਾਖੀ ਦੀ ਲੜਾਈ ਹੈ। ਸਾਰੇ ਲੋਕਾਂ ਨੂੰ ਆਜ਼ਾਦੀ ਦੇ 72 ਸਾਲ ਬਾਅਦ ਵੀ ਆਪਣੀ ਪਛਾਣ ਦਾ ਸਬੂਤ ਦੇਣ ਲਈ ਕਿਹਾ ਜਾ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਤੁਸੀਂ ਤਿਆਰ ਰਹੋ, ਜਦੋਂ ਬੁਲਾਵਾਂਗੀ ਤਾਂ ਨਾਲ ਜਿਹੜਾ ਵੀ ਰਹੇਗਾ, ਉਸ ਨੂੰ ਲੈ ਕੇ ਆਓ। ਖ਼ੁਦ ਨੂੰ ਬਚਾਉਣ ਦੀ ਲੜਾਈ ਖ਼ੁਦ ਲੜਨੀ ਹੋਵੇਗੀ। ਅੰਦੋਲਨ ਦੇ ਨਾਲ ਆਤਮਰੱਖਿਆ ਕਰਨੀ ਹੋਵੇਗੀ।

ਮਮਤਾ ਬੈਨਰਜੀ ਦੀ ਇਸ ਅੱਜ ਵਾਲੀ ਰੈਲੀ ਤੋਂ ਪਹਿਲਾਂ ਪੱਛਮੀ ਬੰਗਾਲ ਦੀ ਭਾਜਪਾ ਦੇ ਪ੍ਰਧਾਨ ਦਿਲੀਪ ਘੋਸ਼ ਨੇ ਇਸ ਰਾਜ ਵਿਚ ਐੱਨ ਆਰ ਸੀ ਲਾਗੂ ਕਰਨ ਬਾਰੇ ਕਿਹਾ ਸੀ ਕਿ ਬੰਗਾਲ ਵਿਚ ਲਗਪਗ 2 ਕਰੋੜ ਘੁਸਪੈਠੀਏ ਵੱਸੇ ਹੋਏ ਹਨ, ਉਨ੍ਹਾਂ ਨੂੰ ਐੱਨ ਆਰ ਸੀ ਦੇ ਨਾਲ ਹੀ ਵਾਪਸ ਭੇਜਣ ਦੀ ਲੋੜ ਹੈ।

ਆਸਾਮ ਦੀ ਬਹੁ-ਚਰਚਿਤ ਐੱਨ ਆਰ ਸੀ ਅੰਤਿਮ ਸੂਚੀ 31 ਅਗਸਤ ਨੂੰ ਜਾਰੀ ਹੋਈ ਸੀ ਤਾਂ 19 ਲੱਖ ਲੋਕਾਂ ਨੂੰ ਭਾਰਤੀ ਨਾਗਰਿਕ ਮੰਨਣ ਤੋਂ ਨਾਂਹ ਕਰ ਦਿੱਤੀ ਗਈ ਸੀ। ਐੱਨ ਆਰ ਸੀ ਦੇ ਸਟੇਟ ਕੋਆਰਡੀਨੇਟਰ ਪ੍ਰਤੀਕ ਹਜ਼ਾਰੀਕਾ ਨੇ ਦੱਸਿਆ ਕਿ ਕੁੱਲ 3 ਕਰੋੜ 11 ਲੱਖ 21 ਹਜ਼ਾਰ ਲੋਕ ਇਸ ਲਿਸਟ ਵਿੱਚਭਾਰਤੀ ਸਾਬਤ ਹੋਏ ਹਨ ਅਤੇ ਅੰਤਮ ਲਿਸਟ ਵਿੱਚੋਂ 19 ਲੱਖ ਛੇ ਹਜ਼ਾਰ ਤੋਂ ਵੱਧ ਲੋਕ ਬਾਹਰ ਹੋ ਗਏ ਹਨ। ਜਦੋਂ ਪਹਿਲੀ ਲਿਸਟ ਆਈ ਸੀ ਤਾਂ 40 ਲੱਖ 70 ਹਜ਼ਾਰ ਲੋਕਾਂ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਸੀ, ਜਿਸਤੋਂ ਕਾਫ਼ੀ ਵਿਵਾਦ ਹੋਇਆ ਸੀ।

# ਡੋਨਾਲਡ ਟਰੰਪ ਦੀ ਨਵੀਂ ਸ਼ਰਨਾਰਥੀ ਨੀਤੀ ਨੂੰ ਸੁਪਰੀਮ ਕੋਰਟ ਵੱਲੋਂ ਹਰੀ ਝੰਡੀ

ਵਾਸ਼ਿੰਗਟਨ, 12 ਸਤੰਬਰ, (ਪੋਸਟ ਬਿਊਰੋ)- ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਮਰੀਕਾ ਵਿੱਚ ਨਵੀਂ ਸ਼ਰਨਾਰਥੀ ਨੀਤੀ ਦੇ ਮਸਲੇਉੱਤੇਦੇਸ਼ ਦੀ ਸੁਪਰੀਮ ਕੋਰਟ ਨੇ ਹਰੀ ਝੰਡੀ ਦੇ ਦਿੱਤੀ ਹੈ। ਸੁਪਰੀਮ ਕੋਰਟ ਦੇ ਇਸ ਤਾਜ਼ਾ ਫ਼ੈਸਲੇ ਨੂੰ ਰਾਸ਼ਟਰਪਤੀ ਟਰੰਪ ਦੀ ਵੱਡੀ ਸਿਆਸੀ ਜਿੱਤ ਮੰਨਿਆ ਜਾ ਰਿਹਾ ਹੈ।

ਅਮਰੀਕਾ ਦੀ ਸੁਪਰੀਮ ਕੋਰਟ ਵਿੱਚ ਜਸਟਿਸ ਸੋਨੀਆ ਸੋਟੋਮਾਇਰ ਅਤੇ ਜਸਟਿਸ ਰੂਥ ਬਾਡੇਰ ਜਿੰਸਬਰਗ ਦੀ ਬੈਂਚ ਨੇ ਦੇਸ਼ ਦੀਆਂ ਹੇਠਲੀਆਂ ਅਦਾਲਤਾਂ ਵਿੱਚ ਚੱਲਦੇ ਪੁਰਾਣੇ ਸ਼ਰਨਾਰਥੀ ਕੇਸਾਂਬਾਰੇ ਸਰਕਾਰ ਨੂੰ ਨਵੀਂ ਨੀਤੀ ਲਾਗੂ ਕਰਨ ਦੀ ਆਗਿਆ ਦੇ ਦਿੱਤੀ ਹੈ। ਵ੍ਹਾਈਟ ਹਾਊਸ ਨੇ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਤੇ ਕਿਹਾ ਕਿ ਸ਼ਰਨਾਰਥੀ ਸਮੱਸਿਆ ਨਾਲ ਜੂਝਦੇ ਦੇਸ਼ ਵਿੱਚ ਨਵੀਂ ਨੀਤੀ ਲਾਗੂ ਕਰਨ ਲਈ ਸੁਪਰੀਮ ਕੋਰਟ ਦੇ ਹੁਕਮ ਵਾਸਤੇ ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ। ਸਰਕਾਰ ਦੇ ਬੁਲਾਰੇ ਨੇ ਕਿਹਾ, ਨਵੀਂ ਨੀਤੀਉੱਤੇਚੋਖਾ ਕੰਮ ਕਰਨਾ ਹੈ, ਪਰ ਸੁਪਰੀਮ ਕੋਰਟ ਦੇ ਹੁਕਮ ਨਾਲ ਹੇਠਲੀਆਂ ਅਦਾਲਤਾਂ ਦੇ ਉਨ੍ਹਾਂ ਆਦੇਸ਼ਾਂ ਤੋਂ ਛੁਟਕਾਰਾ ਮਿਲਿਆ ਹੈ, ਜੋ ਨਵੀਂ ਨੀਤੀ ਅੱਗੇ ਅੜਿੱਕਾ ਬਣ ਗਏ ਸਨ। ਇਸ ਬਾਰੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਵੀਟ ਕੀਤਾ, 'ਮਹਾਨ ਸੁਪਰੀਮ ਕੋਰਟ ਨੇ ਸ਼ਰਨ ਦੀ ਹੱਦ ਤੈਅ ਕਰ ਦਿੱਤੀ ਹੈ।' ਸੁਪਰੀਮ ਕੋਰਟ ਦੇ ਇਸ ਫ਼ੈਸਲੇ ਬਾਰੇ ਰਿਫਿਊਜੀ ਇੰਟਰਨੈਸ਼ਨਲ ਨੇ ਕਿਹਾ ਹੈ ਕਿ ਇਹ ਅਮਰੀਕਾ ਵਿੱਚ ਸ਼ਰਨ ਲੈਣ ਦੇ ਰਾਹਦੀ ਰੋਕਬਣੇਗੀ, ਇਸ ਪਿੱਛੋਂ ਕੋਈ ਬੇਸਹਾਰਾ ਪਰਿਵਾਰ ਜਾਂ ਬੱਚੇ ਸ਼ਰਨ ਨਹੀਂ ਲੈ ਸਕਦੇ। ਇਹ ਅਮਰੀਕਾ ਦੇ ਲੰਬੇ ਸਮੇਂ ਦੇ ਮਨੁੱਖੀਰੁਖ ਦੇ ਖ਼ਿਲਾਫ਼ ਹੈ। ਇਸ ਨਾਲ ਖ਼ਾਸ ਤੌਰਉੱਤੇ ਮੱਧ ਅਮਰੀਕਾ ਦੇ ਦੇਸ਼ਾਂ ਤੋਂ ਆਉਂਦੇ ਲੋਕਾਂ ਲਈ ਮੁਸ਼ਕਲਾਂ ਪੈਦਾ ਹੋਣਗੀਆਂ, ਜੋ ਓਥੇ ਦੀ ਹਿੰਸਾ ਤੋਂ ਜਾਨ ਬਚਾਉਣ ਲਈ ਏਥੇ ਆ ਜਾਂਦੇ ਸਨ।

# ਮਨੁੱਖੀ ਅਧਿਕਾਰ ਕਮਿਸ਼ਨ: ਪਾਕਿ ਤੋਂ ਚਲਾਏ ਜਾਂਦੇ ਅੱਤਵਾਦ 'ਤੇ ਭਾਰਤ ਨੇ ਚਿੰਤਾ ਜਤਾਈ

ਜਨੇਵਾ, 12 ਸਤੰਬਰ, (ਪੋਸਟ ਬਿਊਰੋ)-ਯੂ ਐੱਨ ਮਨੁੱਖੀ ਅਧਿਕਾਰ ਕਮਿਸ਼ਨ ਦੀ ਮੁਖੀ ਮਿਸ਼ੇਲ ਬੈਸ਼ਲੇਟ ਨਾਲ ਇਕ ਉੱਚ ਭਾਰਤੀ ਡਿਪਲੋਮੇਟ ਨੇ ਅੱਜ ਵੀਰਵਾਰ ਮੁਲਾਕਾਤ ਕਰ ਕੇ ਪਾਕਿਸਤਾਨ ਵੱਲੋਂ ਸਰਹੱਦ ਪਾਰੋਂ ਚਲਾਏ ਜਾਂਦੇ ਅੱਤਵਾਦ ਨਾਲ ਪੈਦਾ ਹੋਣ ਵਾਲੇ ਖਤਰੇ ਬਾਰੇ ਭਾਰਤ ਦੀ ਚਿੰਤਾ ਜਤਾਈ ਹੈ।

ਅੱਜ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਟਵੀਟ ਕੀਤਾ ਕਿ ਭਾਰਤ ਦੀ ਪੂਰਬੀ ਮਾਮਲਿਆਂ ਦੀ ਸੈਕਟਰੀ ਵਿਜੇ ਠਾਕੁਰ ਸਿੰਘ ਨੇ ਮਿਸ਼ੇਲ ਬੈਸ਼ਲੇਟ ਨੂੰ ਜੰਮੂ ਕਸ਼ਮੀਰਦੇ ਹਾਲਾਤ ਹੌਲੀ-ਹੌਲੀ ਆਮ ਕਰਨ ਲਈ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਦਿੱਤੀ ਅਤੇ ਯੂ ਐੱਨ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਨਾਲ ਬੈਠਕ ਦੌਰਾਨ ਵਿਜੇ ਠਾਕੁਰਸਿੰਘ ਨੇ ਪਾਕਿਸਤਾਨ ਵੱਲੋਂ ਸਰਹੱਦ ਪਾਰੋਂ ਚਲਾਏ ਜਾ ਰਹੇ ਅੱਤਵਾਦ ਤੋਂਉੱਠਦੇ ਖਤਰੇ ਬਾਰੇ ਭਾਰਤ ਦੀ ਚਿੰਤਾ ਦੱਸੀ ਹੈ। ਇਸ ਤੋਂ ਪਹਿਲਾਂ ਵਿਜੇ ਠਾਕੁਰਸਿੰਘ ਨੇ ਯੂ ਐੱਨ ਮਨੁੱਖੀ ਅਧਿਕਾਰ ਕਮਿਸ਼ਨ ਦੇ ਸ਼ੈਸ਼ਨ ਵਿੱਚਬੀਤੇ ਹਫਤੇ ਕਸ਼ਮੀਰ ਦੇ ਮੁੱਦੇਉੱਤੇ ਪਾਕਿ-ਸਤਾਨ ਦੀ ਗਲਤ ਮੁਹਿੰਮ ਦਾ ਵਿਰੋਧ ਕੀਤਾ ਅਤੇ ਅੱਤਵਾਦ ਫੈਲਾਉਣ ਦੀ ਨਿੰਦਾ ਕੀਤੀ ਸੀ।

ਦੂਸਰੇ ਪਾਸੇ ਅੱਜ ਹੀਜਨੇਵਾ ਵਿੱਚ ਬਲੋਚ ਮਨੁੱਖੀ ਅਧਿਕਾਰ ਕੌਂਸਲ ਦੇ ਜਨਰਲ ਸਕੱਤਰ ਸਮਦ ਬਲੋਚ ਨੇ ਉਸ ਇਲਾਕੇ ਬਾਰੇ ਕਿਹਾ ਕਿ ਬਲੋਚਿਸਤਾਨ ਵਿੱਚ ਆਏ ਦਿਨ ਪਾਕਿਸਤਾਨ ਤੋਂ ਆਜ਼ਾਦੀ ਦੇ ਨਾਅਰੇ ਲੱਗਦੇ ਹਨ ਤੇਓਥੇ ਲੋਕ ਸੱਤ ਦਹਾਕਿਆਂ ਤੋਂ ਬਲੋਚਿਸਤਾਨ ਦੀ ਆਜ਼ਾਦੀ ਤੇ ਹੱਕਾਂ ਲਈ ਲੜ ਰਹੇ ਹਨ। ਜਨੇਵਾ ਵਿੱਚ ਚੱਲ ਰਹੀਯੂ ਐੱਨ ਮਨੁੱਖੀ ਅਧਿਕਾਰ ਕਮਿਸ਼ਨ ਦੀ ਬੈਠਕ ਦੌਰਾਨ ਬਲੋਚਿਸਤਾਨ ਦਾ ਮੁੱਦਾ ਭਖ਼ਿਆ ਪਿਆ ਹੈ। ਸਮਦ ਬਲੋਚ ਨੇ ਕਿਹਾ, 'ਅਸੀਂ ਬਹੁਤ ਕੁਝ ਝੱਲਿਆ ਹੈ। ਸਾਡੇ ਸਮਾਜਿਕ-ਸੰਸਕ੍ਰਿਤ, ਆਰਥਿਕ ਅਧਿਕਾਰ ਨਕਾਰ ਦਿੱਤੇ ਗਏ। ਪਾਕਿ-ਸਤਾਨ ਨੇ ਸਾਡੇ ਸਰੋਤਾਂ ਨੂੰ ਲੁੱਟਿਆ ਹੈ। ਬਲੋਚਿਸਤਾਨ ਖਣਿਜ ਪਦਾਰਥਾਂ ਤੇ ਕੁਦਰਤੀ ਸਰੋਤਾਂ ਵਾਲਾ ਇਲਾਕਾ ਹੋਣ ਦੇ ਬਾਵਜੂਦ ਇਸ ਖੇਤਰ ਦੇ ਲੋਕ ਪੀੜਤ ਹਨ।'ਅੱਤਵਾਦੀਆਂ ਲਈ ਪਾਕਿਸਤਾਨ ਨੂੰ ਫਿਰਦੌਸ ਦੱਸਦੇ ਹੋਏ ਸਮਦ ਬਲੋਚ ਨੇ ਕਿਹਾ ਕਿ ਪਾਕਿਤਸਾਨ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਕੇ ਬਲੋਚਸਿਤਾਨ ਵਿੱਚ ਘੱਟਗਿਣਤੀਆਂ ਦਾ ਕਤਲੇਆਮ ਕਰਦਾ ਹੈ। ਉਹ ਸਿਰਫ਼ ਬਲੋਚ ਲੋਕਾਂ ਦੇ ਕਤਲ ਹੀ ਨਹੀਂ ਕਰਦਾ, ਸਗੋਂ ਉਨ੍ਹਾਂ ਦੇ ਸਿੰਧੀ ਭਰਾਵਾਂ, ਪਸ਼ਤੂਨਾਂ ਦੇ ਕਤਲੇਆਮ ਵੀ ਸ਼ਾਮਲ ਹਨ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**MISSISSAUGA $975**
**Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000**
Photo Not Available
**27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000**
**23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000**
**1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000**
**Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000**
Photo Not Available
**1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000**
Photo Not Available
**77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000**
**17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900**
**7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000**
Photo Not Available
**10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000**
Photo Not Available
**470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000**
**23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000**
**5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000**
**693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000**
**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000**
**32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019



## ਡੌਨ ਮਿਨੇਕਰ ਸੀਨੀਅਰ ਕਲੱਬ ਨੇ ਟੋਰੰਟੋ ਚਿੜੀਆ ਘਰ ਦਾ ਟੂਰ ਲਾਇਆ

9 ਸਤੰਬਰ ਨੂੰ ਡੌਨ ਮਿਨੇਕਰ ਸੀਨੀਅਰ ਕਲੱਬ ਨੇ ਟੋਰੰਟੋ ਚਿੜੀਆ ਘਰ ਦਾ ਟੂਰ ਲਾਇਆ। ਸਾਰੇ ਹੀ ਕਲੱਬ ਮੈਂਬਰਾਂ ਨੇ ਟੂਰ ਦਾ ਪੂਰਾ ਆਨੰਦ ਮਾਣਿਆ। ਪ੍ਰਧਾਨ ਅਮਰੀਕ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।



## ਮਿਸੀਸਾਗਾ ’ਚ ਗੁਰਮਤਿ ਪ੍ਰਚਾਰ ਸਮਾਗਮ 18 ਤੋਂ

## ਰਤਵਾੜਾ ਸਾਹਿਬ ਵਾਲੇ ਬਾਬਾ ਲਖਬੀਰ ਸਿੰਘ ਜੀ ਕਰਨਗੇ ਸੰਗਤਾਂ ਨੂੰ ਨਿਹਾਲ

ਟੋਰਾਂਟੋ: ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ 18 ਸਤੰਬਰ
ਤੋਂ 22 ਸਤੰਬਰ 2019 ਤਕ ਮਿਸੀਸਾਗਾ ਵਿਖੇ ਗੁਰਮਤਿ ਰੂਹਾਨੀ ਪ੍ਰਚਾਰ ਸਮਾਗਮ
ਕਰਵਾਇਆ ਜਾ ਰਿਹਾ ਹੈ। ਇਸ ਰੂਹਾਨੀ ਪ੍ਰਚਾਰ ਸਮਾਗਮ ਦੌਰਾਨ ਬਾਬਾ ਲਖਬੀਰ ਸਿੰਘ ਜੀ ਰਤਵਾੜਾ ਸਾਹਿਬ ਵਾਲੇ ਸਿੱਖ ਸੰਗਤਾਂ ਨੂੰ ਕਥਾ ਕੀਰਤਨ ਦੇ ਰਸ ਨਾਲ ਨਿਹਾਲ ਕਰਨਗੇ। ਮਿਸੀਸਾਗਾ ਵਿਖੇ ਹੋਣ ਵਾਲੇ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਪ੍ਰਬੰਧਕ ਭਾਈ ਦਵਿੰਦਰ ਸਿੰਘ ਜੀ ਨੇ ਦੱਸਿਆ ਕਿ ਇਹ ਰੂਹਾਨੀ ਪ੍ਰਚਾਰ ਸਮਾਗਮ ਸ੍ਰੀ ਗੁਰੂ ਸਿੰਘ ਸਭਾ ਮਾਲਟਨ ਗੁਰਦੁਆਰਾ ਸਾਹਿਬ (7280 ਏਅਰਪੋਰਟ ਰੋਡ) ਵਿਖੇ ਸ਼ਾਮੀਂ 7:45 ਤੋਂ 8:45 ਤੱਕ ਹੋਵੇਗਾ. ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਬਾਬਾ ਲਖਬੀਰ ਸਿੰਘ ਜੀ ਦੁਆਰਾ ਗੁਰਬਾਣੀ ਦਾ ਰੂਹਾਨੀ ਚਾਨਣ ਬਿਖੇਰ ਕੇ ਸਿੱਖ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਿਆ ਜਾਵੇਗਾ। ਉਹਨਾਂ ਨੇ ਸਾਰੀਆਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਗੁਰਮਤਿ ਪ੍ਰਚਾਰ ਸਮਾਗਮ ਵਿੱਚ ਵੱਧ ਤੋਂ ਵੱਧ ਹਾਜ਼ਰੀ ਭਰ ਕੇ ਰੂਹਾਨੀ ਗਿਆਨ ਹਾਸਿਲ ਕਰਨ ਅਤੇ ਸ਼ਬਦ ਗੁਰੂ ਦੇ ਲੜ ਲਗ ਕੇ



ਆਪਣਾ ਮਨੁੱਖਾ ਜੀਵਨ ਸਫ਼ਲ ਬਣਾਉਣ। ਇਸ ਗੁਰਮਤਿ ਰੂਹਾਨੀ ਪ੍ਰਚਾਰ ਸਮਾਗਮ ਬਾਰੇ ਕਿਸੇ ਵੀ ਕਿਸਮ ਦੀ ਜਾਣਕਾਰੀ ਲੈਣ ਲਈ 416-671-6509 ਫੋਨ ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬਰੈਂਪਟਨ ਸੀਨੀਅਰ ਵੂਮੈਨ ਕਲੱਬ ਦੀ ਮੀਟਿੰਗ ਹੋਈ



ਬਰੈਂਪਟਨ- 6 ਸਿਤੰਬਰ 2019 ਦਿਨ ਸ਼ੁਕਰਵਾਰ ਨੂੰ ਬਰੈਂਪਟਨ ਸੀਨੀਅਰ ਵੂਮੈਨ ਕਲੱਬ ਦੀ ਜਨਰਲ ਬਾਡੀ ਮੀਟਿੰਗ ਸ਼ੌਕਰ ਸੈਂਟਰ ਵਿਖੇ ਹੋਈ ਜਿਸ ਵਿੱਚ ਕਲੱਬ ਔਹਦੇਦਾਰਾਂ ਅਤੇ ਸਾਰੇ ਮੈਂਬਰਾਂ ਹਾਜਰੀ ਭਰੀ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ’ਤੇ ਸਾਬਕਾ ਪ੍ਰਿੰਸੀਪਲ ਅਤੇ ਦਸ਼ਮੇਸ਼ ਕਨੇਡੀਅਨ ਸਿੱਖ ਸੋਸਾਇਟੀ ਕਨੇਡਾ ਦੇ ਜਨਰਲ ਸੈਕਟਰੀ ਸ.ਗੁਰਦੇਵ ਸਿੰਘ ਧਾਰੀਵਾਲ ਨੇ ਸ਼ਿਰਕਤ ਕੀਤੀ। ਇਨ੍ਹਾਂ ਨੇ ਆਪਣੇ ਸਫਲ ਜੀਵਨ ਵਿੱਚ ਆਏ ਵੰਨ ਸੁਵੰਨੇ ਤਜਰਬਿਆਂ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਸਭ ਨੂੰ ਪਰਿਵਾਰਕ ਖੁਸ਼ੀਆਂ ਅਤੇ ਸਫਲਤਾਵਾਂ ਹਾਸਲ ਕਰਨ ਲਈ ਵਡਮੁੱਲੇ ਸੁਝਾਵ ਦਿੱਤੇ। ਉਨ੍ਹਾਂ ਆਪਣੇ ਜੀਵਨ ਫਲਸਫੇ ਬਾਰੇ ਛਪਿਆ ਲਿਟਰੇਚਰ (ਪੁਸਤਕਾਂ) ਸਭ ਨੂੰ ਵੰਡਿਆ ਅਤੇ ਹਾਸਲ ਕੀਤੇ ਮੈਡਲਾਂ ਬਾਰੇ ਚਾਨਣਾ ਪਾਇਆ। ਧਾਰੀਵਾਲ ਹੁਰਾਂ ਮਹਿਲਾਵਾਂ ਦੇ ਇਸ ਉੱਦਮ ਲਈ ਕਲੱਬ ਪ੍ਰਧਾਨ ਕੁਲਦੀਪ ਕੌਰ ਗਰੇਵਾਲ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਤ ਕੀਤਾ ਅਤੇ ਪ੍ਰਧਾਨ ਸਾਹਿਬਾ ਨੇ ਕਲੱਬ ਵੱਲੋਂ ਸ. ਗੁਰਦੇਵ ਸਿੰਘ ਧਾਰੀਵਾਲ ਜੀ ਦਾ ਸਮਾਂ ਕੱਢ ਕੇ ਆਉਣ ਲਈ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਨਮਾਨ ਪੱਤਰ ਭੇਂਟ ਕੀਤਾ। ਅੰਤ ਵਿੱਚ ਕਲੱਬ ਔਹਦੇਦਾਰਾਂ ਅਤੇ ਮੈਂਬਰਾਂ ਭਵਿਸ਼ ਵਿੱਚ ਕਲੱਬ ਦੀ ਚੜ੍ਹਦੀਕਲਾ ਲਈ ਅਰਦਾਸ ਕਰਦਿਆਂ ਸਭ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

## ਸਾਬਕਾ ਫੌਜੀ ਕਰਮਚਾਰੀਆਂ ਦੀ ਕਮੇਟੀ ਦੀ ਚੋਣ

7 ਸਤੰਬਰ 2019 ਨੂੰ ਮਿੱਸੀਸਾਗਾ ਦੇ ਨੈਸ਼ਨਲ ਬੈਂਕੁਇਟ ਹਾਲ ਵਿਖੇ ਸਾਬਕਾ ਫੌਜੀ ਕਰਮਚਾਰੀਆਂ ਦੀ ਮੀਟਿੰਗ ਹੋਈ। ਇਹ ਮੀਟਿੰਗ ਸਵੇਰੇ 10 ਵਜੇ ਚਾਹ ਪਕੌੜਿਆਂ ਦੇ ਨਾਲ ਅਰੰਭ ਹੋਈ। ਮੀਟਿੰਗ ਦੀ ਪ੍ਰਧਾਨਗੀ ਰੀਟਾਇਰਡ ਬਰਗੇਡੀਅਰ ਨਵਾਬ ਸਿੰਘ ਹੀਰ ਨੇ ਕੀਤੀ। ਬਰਗੇਡੀਅਰ ਸਾਹਿਬ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ। ਉਹਨਾਂ ਨੇ ਪੁਰਾਣੀ ਕਮੇਟੀ ਭੰਗ ਕਰ ਦਿੱਤੀ ਅਤੇ ਕਰਨਲ ਗੁਰਨਾਮ ਸਿੰਘ ਨੂੰ ਨਵੀਂ ਕਮੇਟੀ ਬਨਾਉਣ ਲਈ ਆਖਿਆ। ਉਮੀਦਵਾਰਾਂ ਦੇ ਨਾਮ ਮੰਗੇ ਗਏ ਸਨ ਪਰ ਕੋਈ ਨਾਮ ਨਹੀਂ ਆਇਆ। ਮੌਕੇ ਤੇ ਪੁਰਾਣੀ ਕਮੇਟੀ ਦੇ ਮੈਂਬਰਾਂ ਨੂੰ ਹੀ ਨਾਮਜ਼ਦ ਕੀਤਾ ਗਿਆ। ਅਖੀਰ ਫੈਸਲਾ ਇਹ ਹੋਇਆ ਕਿ ਪੁਰਾਣੀ ਕਮੇਟੀ ਹੀ ਦੋ ਸਾਲ ਲਈ ਸੇਵਾ ਨਿਭਾਇਗੀ। ਨਵੀਂ ਕਮੇਟੀ ਦੇ ਮੈਂਬਰਾਂ ਦੇ ਨਾਮ ਇਹ ਹਨ:-

1.ਕਰਨਲ ਗੁਰਮੇਲ ਸਿੰਘ ਸੋ ਹੀ (ਪ੍ਰਧਾਨ)
2.ਲੈ.ਕ.ਨਰਵੰਤ ਸਿੰਘ ਸੋਹੀ (ਮੀਤ ਪ੍ਰਧਾਨ ਅਤੇ ਪੀ.ਆਰ.ਓ.
3.ਕੈਪਟਨ ਰਣਜੀਤ ਸਿੰਘ ਧਾਲੀਵਾਲ (ਜਨਰਲ ਸੈਕਟਰੀ)
4.ਲੈ.ਕ.ਨੌਨਿਹਾਲ ਸਿੰਘ ਮਰਵਾਹਾ (ਕੈਸ਼ੀਅਰ)

ਬਰਗੇਡੀਅਰ ਸਾਹਿਬ ਨੇ ਸਭ ਨੂੰ ਬੀਮਾ ਕਰਵਾਉਣ ਲਈ ਸਲਾਹ ਦਿੱਤੀ ਅਤੇ ਬੀਮਾ ਕੰਪਨੀ ਦੇ ਇੱਕ ਆਫੀਸਰ ਨੇ ਬੀਮੇ ਬਾਰੇ ਜਾਣਕਾਰੀ ਦਿੱਤੀ। ਸਟੇਟ ਬੈਂਕ ਆਫ ਇੰਡੀਆ ਦੇ ਮੈਨੇਜਰ ਨੇ ਭੀ ਬੈਂਕ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਬਰਗੇਡੀਅਰ ਸਾਹਿਬ ਨੇ ੋਨਏ ਰਓਨਕ ੋਨਏ ਪਏਨਸੋਨਿ ਬਾਰੇ ਭੀ ਚਾਨਣਾ ਪਾਇਆ ਅਤੇ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਦਿਵਸ ਦੇ ਮੌਕੇ ਤੇ ਗੁਰੂ ਸਾਹਿਬ ਦੀ ਬਾਣੀ ਦੇ ਬੈਨਰ ਲਿਖਕੇ ਕਈ ਥਾਵਾਂ ਯਾ ਬੱਸਾਂ ਤੇ ਲਗਾਉਣ ਬਾਰੇ ਭੀ ਜਾਣਕਾਰੀ ਦਿੱਤੀ। ਐਮ.ਪੀ.ਰਮੇਸ਼ ਸੰਘਾ ਵੱਲੋਂ ਭੇਜੇ ਗਏ ਮਾਣ ਪੱਤਰ ਭੀ ਵੰਡੇ ਗਏ ਅਤੇ 11 ਨਵੰਬਰ ਨੂੰ ੍ਰਏਮਏਮਬਰਓਨਚਏ ਧੳ ਤੇ ਕੈਨੇਡੀਅਨ ਆਰਮੀ ਦੇ ਅਮਰ ਸ਼ਹੀਦ ਬੁੱਕਣ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ। ਲੇਡੀਜ਼ ਨੇ ਭੀ ਹਾਜਰੀ ਭਰੀ ਅਤੇ ਮਨੋਰੰਜਨ ਲਈ ਤੰਬੋਲਾ ਖੇਡਿਆ। ਰੀਟਾਇਰਡ ਮੇਜਰ ਜਨਰਲ ਅੈ ਨ . ਜੇ , ਅੈ ਸ . ਸਿੱ ਧੂ ਏ.ਵੀ.ਐਸ.ਐਮ,ਵੀ.ਐਸ.ਐਮ.ਨੇ ਭੀ ਸਭ ਨੂੰ ਆਸ਼ੀਰਵਾਦ ਦਿੱਤਾ। ਅਖੀਰ ਦੁਪਿਹਰ ਦੇ ਖਾਣੇ ਨਾਲ ਮੀਟਿੰਗ ਦੀ ਸਮਾਪਤੀ ਹੋਈ। ਲੈ.ਕ.ਨਰਵੰਤ ਸਿੰਘ ਸੋਹੀ 905-741-2666


ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers
• ਕਾਲ ਕਰੋ: 416-357-4082 •

“Quality is our strength.”
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Specializing in:
Inderjit Singh
Daljit Singh
President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ



132”
88”
8 Seated Sofa

ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



ਡੇਲੀ ਪੰਜਾਬੀ ਪੋਸਟ ਬਰੈਂਪਟਨ ਦੇ ਦਫਤਰ ਵਿਖੇ ਬੀਤੇ ਕਈ ਦਹਾਕਿਆਂ ਤੋਂ ਚੱਲ ਰਹੇ ਮਹਿਰਮ ਪਬਲੀਕੇਸ਼ਨ ਪਰਾਈਵੇਟ ਲਿਮਿਟਿਡ ਨਾਭਾ ਦੇ ਮਾਰਕੀਟਿੰਗ ਡਾਇਰੈਕਟਰ ਸ੍ਰ:ਗੁਰਪ੍ਰੀਤ ਸਿੰਘ ਬੀਰ ਪਧਾਰੇ ਜੋ ਇਹਨੀਂ ਦਿਨੀ ਟਰਾਂਟੋ ਫੇਰੀ ਤੇ ਹਨ। ਉਹਨਾਂ ਨਾਲ ਉੱਘੇ ਕਾਲਮਨਵੀਸ ਸ੍ਰ: ਦਰਬਾਰਾ ਸਿੰਘ ਕਾਹਲੋਂ (ਸਾਬਕਾ ਰਾਜ ਸੂਚਨਾਂ ਕਮਿਸ਼ਨਰ ਪੰਜਾਬ) , ਵਤਨੋਂ ਪਾਰ ਪੰਜਾਬੀ ਅਦਾਰੇ ਦੇ ਕਰਤਾ ਧਰਤਾ , ਪੱਤਰਕਾਰ ਅਤੇ ਫੋਟੋਗਰਾਫਰ ਕੰਵਲਜੀਤ ਸਿੰਘ ਕੰਵਲ ਆਦਿ ਸਨ। ਤਸਵੀਰ ਵਿੱਚ ਸ੍ਰ: ਬੀਰ ਡੇਲੀ ਪੰਜਾਬੀ ਪੋਸਟ ਦੇ ਮੁੱਖ ਸੰਪਾਦਕ ਜਗਦੀਸ਼ ਸਿੰਘ ਗਰੇਵਾਲ ਨੂੰ ਉਹਨਾਂ ਦੇ ਅਦਾਰੇ ਵੱਲੋਂ ਪ੍ਰਕਾਸ਼ਿਤ ਕੀਤੇ ਜਾਣ ਵਾਲੇ ਮੈਗਜੀਨ ਮਹਿਰਮ, ਮਾਡਰਨ ਖੇਤੀ, ਘਰ ਸ਼ਿੰਗਾਰ ਅਤੇ ਮਾਡਰਨ ਖੇਤੀ (ਹਿੰਦੀ) ਦੀਆਂ ਕਾਪੀਆਂ ਭੇਟ ਕਰਦੇ ਹੋਏ। ਇਸ ਮਿਲਣੀ ਦੌਰਾਨ ਪੰਜਾਬੀ ਪਰਿੰਟ ਮੀਡੀਆ ਨੂੰ ਮੌਜੂਦਾ ਹਾਲਾਤ ਦਰਮਿਆਨ ਦਰਪੇਸ਼ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਵੀ ਕੀਤਾ ਗਿਆ।

# ਫੈਡਰਲ ਚੋਣ ਕੈਂਪੇਨ ਦੀ ਸ਼ੁਰੂਆਤ ਹੋਣ 'ਤੇ ਹੀ ਐਨਡੀਪੀ ਦੇ ਦੋ ਉਮੀਦਵਾਰਾਂ ਨੇ ਦਿੱਤਾ ਅਸਤੀਫਾ

...ਪੰਨਾ 1 ਦਾ ਬਾਕੀ

ਮੈਥਿਊਜ਼ ਦੇ ਇਸ ਐਲਾਨ ਤੋਂ ਕਈ ਘੰਟੇ ਪਹਿਲਾਂ ਬ੍ਰਿਟਿਸ਼ ਕੋਲੰਬੀਆ ਤੋਂ ਐਨਡੀਪੀ ਉਮੀਦਵਾਰ ਨੇ ਆਖਿਆ ਕਿ ਦੋ ਸਾਲ ਪਹਿਲਾਂ ਪਾਈਪਲਾਈਨ ਪੱਖੀ ਕਾਰਕੁੰਨ ਖਿਲਾਫ ਸੋਸ਼ਲ ਮੀਡੀਆ ਉੱਤੇ ਗੁੱਸੇ ਭਰੀਆਂ ਟਿੱਪਣੀਆਂ ਕੀਤੇ ਜਾਣ ਕਾਰਨ ਉਸ ਨੂੰ ਚੋਣ ਮੁਹਿੰਮ ਤੋਂ ਪਾਸੇ ਹੋਣ ਲਈ ਆਖਿਆ ਗਿਆ। ਡੌਕ ਕਰੀ, ਜਿਸ ਨੂੰ ਦੱਖਣੀ ਬੀਸੀ ਦੇ ਕੈਮਲੂਪਸ-ਥਾਂਪਸਨ-ਕੈਰੀਬੂ ਹਲਕੇ ਤੋਂ ਨਾਮਜਦ ਕੀਤਾ ਗਿਆ ਸੀ, ਨੇ ਇਹ ਨਹੀਂ ਦੱਸਿਆ ਕਿ ਉਸ ਨੇ ਕਿਹੋ ਜਿਹੀਆਂ ਟਿੱਪਣੀਆਂ ਕੀਤੀਆਂ ਸਨ। ਪਰ ਉਸ ਨੇ ਆਖਿਆ ਕਿ ਉਹ ਟਿੱਪਣੀਆਂ ਉਸ ਦੀ ਅੱਜ ਦੀ ਸ਼ਖਸੀਅਤ ਨੂੰ ਨਹੀਂ ਝਲਕਾਉਂਦੀਆਂ। ਜਿਸ ਸਮੇਂ ਉਹ ਕੀਤੀਆਂ ਗਈਆਂ ਸਨ ਉਹ ਹੁਣ ਆਪ ਹੀ ਉਨ੍ਹਾਂ ਨੂੰ ਨਹੀਂ ਮੰਨਦਾ। ਹੁਣ ਉਸ ਦੀ ਸ਼ਖਸੀਅਤ ਬਦਲ ਚੁੱਕੀ ਹੈ।

ਬਰੈਂਪਟਨ, ਓਨਟਾਰੀਓ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਪਾਰਟੀ ਦੇ ਉਮੀਦਵਾਰਾਂ ਨੂੰ ਪਾਰਟੀ ਦੇ ਮਿਆਰ ਦਾ ਤਾਂ ਹੋਣਾ ਹੀ ਚਾਹੀਦਾ ਹੈ। ਜਿੱਥੋਂ ਵੀ ਸਾਨੂੰ ਇਹ ਸੂਚਨਾ ਮਿਲਦੀ ਹੈ ਕਿ ਕੋਈ ਉਮੀਦਵਾਰ ਪਾਰਟੀਆਂ ਦੀਆਂ ਕਦਰਾਂ ਕੀਮਤਾਂ ਉੱਤੇ ਖਰਾ ਨਹੀਂ ਉਤਰ ਰਿਹਾ ਤਾਂ ਅਸੀਂ ਉਸ ਨੂੰ ਹਟਾਉਣ ਵਿੱਚ ਹੀ ਯਕੀਨ ਰੱਖਦੇ ਹਾਂ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਲੋਕ ਸਾਡੇ ਉੱਤੇ ਇਸ ਗੱਲ ਨੂੰ ਲੈ ਕੇ ਯਕੀਨ ਕਰ ਸਕਦੇ ਹਨ ਕਿ ਅਸੀਂ ਸਹੀ ਫੈਸਲੇ ਕਰ ਰਹੇ ਹਾਂ। ਜਿਨ੍ਹਾਂ ਹਲਕਿਆਂ ਤੋਂ ਐਨਡੀਪੀ ਦੇ ਇਨ੍ਹਾਂ ਦੋ ਉਮੀਦਵਾਰਾਂ ਨੇ ਅਸਤੀਫਾ ਦਿੱਤਾ ਹੈ ਉੱਥੇ ਅਜੇ ਨਵੇਂ ਉਮੀਦਵਾਰ ਨਹੀਂ ਐਲਾਨੇ ਗਏ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਮੀਡੀਆ ਬੱਸ ਵਿੰਗ ਨਾਲ ਟਕਰਾਉਣ ਕਾਰਨ ਟਰੂਡੋ ਦੇ ਜਹਾਜ਼ ਨੂੰ ਹੋਇਆ ਨੁਕਸਾਨ!

...ਪੰਨਾ 1 ਦਾ ਬਾਕੀ

ਟਰੂਡੋ, ਉਨ੍ਹਾਂ ਦੀ ਟੀਮ ਤੇ ਕਈ ਤੇ ਲਿਬਰਲਾਂ ਦੀ ਕੈਂਪੇਨ ਦੀ ਕਵਰੇਜ ਕਰਨ ਲਈ ਨਾਲ ਗਈ ਕਈ ਪੱਤਰਕਾਰਾਂ ਦੀ ਟੀਮ ਨੂੰ ਲੈ ਕੇ ਬ੍ਰਿਟਿਸ਼ ਕੋਲੰਬੀਆ ਪਹੁੰਚਿਆ ਜਹਾਜ਼ ਅਜੇ ਲੈਂਡ ਹੀ ਕੀਤਾ ਸੀ ਕਿ ਇਹ ਹਾਦਸਾ ਵਾਪਰ ਗਿਆ। ਫੈਡਰਲ ਚੋਣ ਮੁਹਿੰਮ ਦਾ ਅਜੇ ਇਹ ਪਹਿਲਾ ਦਿਨ ਹੀ ਸੀ। ਇਹ ਬੱਸ ਪੱਤਰਕਾਰਾਂ ਨੂੰ ਲੈ ਕੇ ਜਾਣ ਲਈ ਜਹਾਜ਼ ਦੇ ਕੋਲ ਹੀ ਖੜ੍ਹੀ ਸੀ।

ਜਿਵੇਂ ਹੀ ਬੱਸ ਤੁਰੀ ਤਾਂ ਉਹ ਜਹਾਜ਼ ਦੇ ਵਿੰਗ ਨਾਲ ਜਾ ਟਕਰਾਈ। ਇਸ ਨਾਲ ਕਾਫੀ ਜ਼ੋਰਦਾਰ ਖੜਕਾ ਹੋਇਆ। ਵੀਰਵਾਰ ਲਈ ਟਰੂਡੋ ਦਾ ਸ਼ਡਿਊਲ ਕਾਫੀ ਰੁਝੇਵਿਆਂ ਭਰਿਆ ਹੈ। ਉਹ ਕੈਮਲੂਪਸ, ਬੀਸੀ ਤੇ ਐਡਮੰਟਨ ਰੁਕਣਗੇ। ਟਰੂਡੋ ਦੀ ਤਰਜ਼ਮਾਨ ਦਾ ਕਹਿਣਾ ਹੈ ਕਿ ਜਹਾਜ਼ ਦੇ ਸਬੰਧ ਵਿੱਚ ਸਾਰਾ ਮੁਆਇਨਾ ਕੀਤਾ ਜਾਵੇਗਾ ਪਰ ਹਾਲ ਦੀ ਘੜੀ ਵੀਰਵਾਰ ਦੀ ਯੋਜਨਾ ਤੇ ਸ਼ਡਿਊਲ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।

# ਕਮਿਊਨਿਟੀ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਲਈ ਆਸਵੰਦ ਹਨ ਕੰਜ਼ਰਵੇਟਿਵ ਉਮੀਦਵਾਰ ਥਾਪਲੀਆਲ




ਬਰੈਂਪਟਨ, 12 ਸਤੰਬਰ (ਪੋਸਟ ਬਿਊਰੋ) : 43ਵੀਂ ਫੈਡਰਲ ਜਨਰਲ ਚੋਣ ਮੁਹਿੰਮ ਦਾ ਆਗਾਜ਼ ਰਸਮੀ ਤੌਰ ਉੱਤੇ ਹੋ ਚੁੱਕਿਆ ਹੈ। ਇਸ ਦੌਰਾਨ ਕੰਜ਼ਰਵੇਟਿਵ ਪਾਰਟੀ ਵੱਲੋਂ ਬਰੈਂਪਟਨ ਵੈਸਟ ਤੋਂ ਖੜ੍ਹੇ ਕੀਤੇ ਗਏ ਮੁਰਾਰੀਲਾਲ ਥਾਪਲੀਆਲ ਨੇ ਵੀ ਸਫਲਤਾਪੂਰਬਕ ਆਪਣੀ ਕੈਂਪੇਨ ਦੀ ਸ਼ੁਰੂਆਤ ਕੀਤੀ।

ਇਸ ਦੌਰਾਨ ਥਾਪਲੀਆਲ ਦੀ ਟੀਮ ਕਮਿਊਨਿਟੀ ਵਿੱਚ ਪੂਰੀ ਸਰਗਰਮੀ ਨਾਲ ਬਰੈਂਪਟਨ ਵੈਸਟ ਹਲਕੇ ਲਈ ਕੰਜ਼ਰਵੇਟਿਵ ਪਾਰਟੀ ਦੀ ਯੋਜਨਾ ਬਾਰੇ ਲੋਕਾਂ ਨੂੰ ਜਾਗਰੂਕ ਕਰੇਗੀ। ਇਸ ਸਮੇਂ ਬਰੈਂਪਟਨ ਵੈਸਟ ਦੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਸੁਣਨ ਦੇ ਨਾਲ ਨਾਲ ਥਾਪਲੀਆਲ ਦੀ ਟੀਮ ਵੱਧ ਤੋਂ ਵੱਧ ਲੋਕਾਂ ਨਾਲ ਰਾਬਤਾ ਕਾਇਮ ਕਰਨ ਤੇ ਪਾਰਟੀ ਦੀਆਂ ਯੋਜਨਾਵਾਂ ਤੋਂ ਜਾਣੂ ਕਰਵਾਉਣ ਲਈ ਡੋਰ ਨੌਕਿੰਗ ਵੀ ਕਰੇਗੀ।

ਬਰੈਂਪਟਨ ਵੈਸਟ ਤੋਂ ਕੰਜ਼ਰਵੇਟਿਵ ਪਾਰਟੀ ਦੇ ਐਮਪੀ ਅਹੁਦੇ ਲਈ ਉਮੀਦਵਾਰ ਥਾਪਲੀਆਲ ਨੇ ਇਸ ਮੌਕੇ ਆਖਿਆ ਕਿ ਇਸ ਸਮੇਂ ਬਰੈਂਪਟਨ ਵਾਸੀਆਂ ਨੂੰ ਫੈਡਰਲ ਪੱਧਰ ਤੱਕ ਆਪਣੀ ਆਵਾਜ਼ ਪਹੁੰਚਾਉਣ ਲਈ ਮਜ਼ਬੂਤ ਲੀਡਰਸ਼ਿਪ ਦੀ ਲੋੜ ਹੈ ਤੇ ਉਨ੍ਹਾਂ ਭਰੋਸਾ ਦਿਵਾਇਆ ਕਿ ਸਿਟੀ ਵਿੱਚ ਤਬਦੀਲੀ ਲਿਆਉਣ ਲਈ ਉਹ ਨਿੱਠ ਕੇ ਕੰਮ ਕਰਨਗੇ। ਥਾਪਲੀਆਲ ਮੁੱਖ ਤੌਰ ਉੱਤੇ ਪਬਲਿਕ ਸੇਫਟੀ ਨੂੰ ਯਕੀਨੀ ਬਣਾਉਣ ਦੇ ਨਾਲ ਨਾਲ ਯੂਥ ਤੇ ਸੀਨੀਅਰਜ਼ ਪ੍ਰੋਗਰਾਮਜ਼ ਲਈ ਵਧੇਰੇ ਵਸੀਲੇ ਪੈਦਾ ਕਰਨੇ ਚਾਹੁੰਦੇ ਹਨ।

ਥਾਪਲੀਆਲ ਨੇ ਆਖਿਆ ਕਿ ਉਹ ਸਿਟੀ ਵਿੱਚੋਂ ਜੁਰਮ ਤੇ ਹਿੰਸਾ ਨੂੰ ਖਤਮ ਕਰਨ ਲਈ ਸਰਕਾਰ ਦੇ ਹਰ ਪੱਧਰ ਨਾਲ ਰਲ ਕੇ ਕੰਮ ਕਰਨ ਲਈ ਤਿਆਰ ਹਨ। ਥਾਪਲੀਆਲ ਦੀ ਕੈਂਪੇਨ ਦੇ ਬੁਲਾਰੇ ਵਿਪੁਲ ਡੋਭਾਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਇਲਾਕੇ ਵਿੱਚ ਇਸ ਕੰਜ਼ਰਵੇਟਿਵ ਉਮੀਦਵਾਰ ਨੂੰ ਮਿਲ ਰਹੇ ਭਰਵੇਂ ਹੁੰਗਾਰੇ ਲਈ ਸੱਭ ਦਾ ਧੰਨਵਾਦ ਕੀਤਾ। ਵਿਪੁਲ ਡੋਭਾਲ ਨੇ ਆਖਿਆ ਕਿ ਕੰਜ਼ਰਵੇਟਿਵ ਪਾਰਟੀ ਦਾ ਮੁੱਖ ਮੰਤਵ ਲੋਕਾਂ ਦੀ ਜੇਬ੍ਹ ਵਿੱਚ ਵੱਧ ਤੋਂ ਵੱਧ ਪੈਸਾ ਰਹਿਣ ਦੇਣਾ ਹੈ ਤਾਂ ਕਿ ਉਹ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਨਾ ਹੋਣ।

31 ਅਗਸਤ ਨੂੰ ਥਾਪਲੀਆਲ ਦੀ ਲਾਂਚ ਕੀਤੀ ਗਈ ਕੈਂਪੇਨ ਵਿੱਚ ਉਨ੍ਹਾਂ ਦੇ ਸੈਂਕੜੇ ਸਮਰਥਕਾਂ ਦੇ ਨਾਲ ਨਾਲ ਕਈ ਅਹਿਮ ਸ਼ਖਸੀਅਤਾਂ ਜਿਵੇਂ ਕਿ ਐਮਪੀ ਪੀਟਰ ਕੈਂਟ, ਐਮਪੀਪੀ ਪ੍ਰਭਮੀਤ ਸਰਕਾਰੀਆ, ਐਮਪੀਪੀ ਅਮਰਜੋਤ ਸੰਧੂ ਤੋਂ ਇਲਾਵਾ ਹੋਰਨਾਂ ਨੇ ਵੀ ਹਿੱਸਾ ਲਿਆ।

# ਇੰਡਸਟਰੀ ਵਿਭਾਗ ਵਿੱਚ ਪਲਾਟਾਂ ਦੇ ਅਲਾਟਮੈਂਟ ਘੋਟਾਲੇ ਦੀ ਸਮਾਂ ਬੱਧ ਜਾਂਚ ਦੀ ਮੰਗ ਉੱਠੀ

ਚੰਡੀਗੜ੍ਹ, 12 ਸਤੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਪੰਜਾਬ ਸਮਾਲ ਸਕੇਲ ਇੰਡਸਟਰੀਅਲ ਐਂਡ ਐਕਸਪੋਰਟ ਕਾਰਪੋਰੇਸ਼ਨ (ਪੀ ਐੱਸ ਆਈ ਈ ਸੀ) ਵਿੱਚ ਹੋਏ ਬਹੁ ਕਰੋੜੀ ਪਲਾਟ ਅਲਾਟਮੈਂਟ ਘੋਟਾਲੇ ਦਾ ਜ਼ਿਕਰ ਕਰ ਕੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਉੱਤੇ ਇਸ ਘਪਲੇ ਨੂੰ ਅੰਦਰੋਂ-ਅੰਦਰੀ ਦਬਾਉਣ ਦੇ ਗੰਭੀਰ ਦੋਸ਼ ਲਾਏ ਹਨ।

ਇਸ ਫਰਜ਼ੀਵਾੜੇ ਦੀ ਹਾਈ ਕੋਰਟ ਦੇ ਮੌਜੂਦਾ ਜੱਜ ਦੀ ਨਿਗਰਾਨੀ ਥੱਲੇ ਸੀ ਬੀ ਆਈ ਦੀ ਸਮਾਂ ਬੱਧ ਜਾਂਚ ਦੀ ਮੰਗ ਕਰਦੇ ਹੋਏ ਹਰਪਾਲ ਸਿੰਘ ਚੀਮਾ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਸਰਕਾਰ ਨੇ ਇਸ ਘੋਟਾਲੇ ਦੀ ਜਾਂਚ ਇੱਕ ਮਹੀਨੇ ਦੇ ਅੰਦਰ ਸੀ ਬੀ ਆਈ ਨੂੰ ਨਾ ਸੌਂਪੀ ਤਾਂ ਆਮ ਆਦਮੀ ਪਾਰਟੀ ਹਾਈ ਕੋਰਟ ਦਾ ਦਰਵਾਜ਼ਾ ਖੜਕਾਏਗੀ ਤੇ ਵਿਧਾਨ ਸਭਾ ਵਿੱਚ ਸਰਕਾਰ ਨੂੰ ਘੇਰੇਗੀ। ਕੱਲ੍ਹ ਇਥੇ ਹਰਪਾਲ ਸਿੰਘ ਚੀਮਾ ਨੇ ਇਸ ਘੋਟਾਲੇ ਸੰਬੰਧੀ ਵਿਜੀਲੈਂਸ ਬਿਊਰੋ ਪੰਜਾਬ ਵੱਲੋਂ ਕੀਤੀ ਜਾਂਚ ਦੀ ਰਿਪੋਰਟ ਮੀਡੀਆ ਨੂੰ ਜਾਰੀ ਕੀਤੀ, ਜੋ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਚਾਰ ਅਪ੍ਰੈਲ 2018 ਨੂੰ ਵਿਜੀਲੈਂਸ ਬਿਊਰੋ ਨੂੰ ਖੁਦ ਸੌਂਪੀ ਸੀ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਜੀਲੈਂਸ ਜਾਂਚ ਰਿਪੋਰਟ ਵਿੱਚ ਕਈ ਉਚ ਅਧਿਕਾਰੀਆਂ ਸਮੇਤ ਡੇਢ ਦਰਜਨ ਤੋਂ ਵੱਧ ਲੋਕਾਂ ਨੂੰ ਦੋਸ਼ੀ ਦੱਸਿਆ ਗਿਆ ਅਤੇ ਲਗਭਗ ਸਾਰੇ ਦੋਸ਼ੀ ਉੱਚ ਅਧਿਕਾਰੀਆਂ ਦੇ ਪਰਵਾਰਕ ਮੈਂਬਰ ਹਨ, ਜਿਨ੍ਹਾਂ ਨੂੰ ਵੱਖ ਵੱਖ ਕੋਟਾ ਕੈਟਾਗਰੀ ਵਿੱਚ ਪਲਾਟ ਦਿੱਤੇ ਗਏ ਤੇ ਸਰਕਾਰਾਂ ਸੁੱਤੀਆਂ ਰਹੀਆਂ। ਇਸ ਪਲਾਟ ਅਲਾਟਮੈਂਟ ਠੱਗੀ ਕਾਰਨ ਜਿੱਥੇ ਸੈਂਕੜੇ ਯੋਗ ਕਾਰੋਬਾਰੀ ਲੋਕ ਉਦਯੋਗਕ ਪਲਾਟ ਲੈਣ ਤੋਂ ਖੁੰਝ ਗਏ, ਉਥੇ ਇਨ੍ਹਾਂ ਨੇ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਇਆ ਹੈ। ਚੀਮਾ ਨੇ ਕਿਹਾ ਕਿ ਇਨ੍ਹਾਂ ਵਿੱਚ ਪੀ ਐੱਸ ਆਈ ਈ ਸੀ ਦੇ ਅਧਿਕਾਰੀ ਐੱਸ ਪੀ ਸਿੰਘ, ਜਸਵਿੰਦਰ ਸਿੰਘ ਰੰਧਾਵਾ, ਵਿਨੈ ਪ੍ਰਤਾਪ ਸਿੰਘ ਗੁਰਪ੍ਰੀਤ ਕੌਰ, ਪਰਮਿੰਦਰ ਕੌਰ, ਦਮਨਪ੍ਰੀਤ ਸਿੰਘ, ਅਤੇ ਕੇਵਲ ਸਿੰਘ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਜੇ ਸਿਰਫ ਬੈਂਕਾਂ ਖਾਤਿਆਂ ਤੇ ਚੈਕਾਂ-ਟ੍ਰਾਂਜ਼ੈਕਸ਼ਨਾਂ ਦੀ ਜਾਂਚ ਕੀਤੀ ਜਾਵੇ ਤਾਂ ਸਿਰਫ ਇਸ ਕਰੋੜਾਂ-ਅਰਬਾਂ ਦੇ ਘੁਟਾਲੇ ਦੀਆਂ ਤੰਦਾਂ ਖੁੱਲ੍ਹਣ ਦੇ ਨਾਲ ਕਾਲੇ ਧਨ ਅਤੇ ਹਵਾਲੇ ਦਾ ਲੈਣ-ਦੇਣ ਵੀ ਦਿੱਸ ਪਵੇਗਾ। ਚੀਮਾ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਮੰਗ ਕੀਤੀ ਹੈ ਕਿ ਪਲਾਟ ਅਲਾਟਮੈਂਟ ਬਾਰੇ ਪਿਛਲੇ 20 ਸਾਲਾਂ ਦਾ ਸਾਰਾ ਰਿਕਾਰਡ ਸੀਲ ਕਰਵਾਇਆ ਜਾਵੇ। ਉਨ੍ਹਾ ਕਿਹਾ ਕਿ ਇਸ ਮਾਮਲੇ ਵਿੱਚ ਜਾਂਚ ਕਮੇਟੀ ਦਾ ਬਣਨਾ ਇਹ ਸੰਕੇਤ ਕਰਦਾ ਹੈ ਕਿ ਕੈਪਟਨ ਸਰਕਾਰ ਇਸ ਕੇਸ ਨੂੰ ਦਬਾਉਣ ਦੇ ਯਤਨ ਵਿੱਚ ਹੈ।






















# ਮੁਆਵਜ਼ਾ ਦੱਬੀ ਬੈਠੀਆਂ ਤਿੰਨ ਕੰਪਨੀਆਂ ਨੂੰ 33 ਕਰੋੜ ਪੈਨਲਟੀ

ਚੰਡੀਗੜ੍ਹ, 12 ਸਤੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਹੇਠ ਕਿਸਾਨਾਂ ਦਾ ਮੁਆਵਜ਼ਾ ਦਬਾਈ ਬੈਠੀਆਂ ਤਿੰਨ ਕੰਪਨੀਆਂ 'ਤੇ ਸਰਕਾਰ ਨੇ 33 ਕਰੋੜ ਰੁਪਏ ਤੋਂ ਵੱਧ ਪੈਨਲਟੀ ਲਾਈ ਹੈ ਅਤੇ ਇਨ੍ਹਾਂ ਖੇਤੀ ਵਿਭਾਗ ਵੱਲੋਂ ਪੈਨਲਟੀ ਨੂੰ ਲੈ ਕੇ ਚਿੱਠੀ ਜਾਰੀ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਇਨ੍ਹਾਂ ਕੰਪਨੀਆਂ ਨੇ ਕਰੀਬ 30 ਹਜ਼ਾਰ 892 ਕਿਸਾਨਾਂ ਦਾ ਮੁਆਵਜ਼ਾ ਨਹੀਂ ਦਿੱਤਾ। ਇਨ੍ਹਾਂ ਨੂੰ ਸਰਕਾਰ ਵੱਲੋਂ ਆਪਣਾ ਹਿੱਸਾ ਜਾਰੀ ਕਰਨ ਅਤੇ ਸੂਚਨਾ ਦੇ 15 ਦਿਨ ਵਿੱਚ ਕਿਸਾਨਾਂ ਨੂੰ ਮੁਆਵਜ਼ਾ ਦੇਣਾ ਹੁੰਦਾ ਹੈ, ਪਰ 2018 ਦਾ ਪੈਸਾ ਅਜੇ ਤੱਕ ਕਿਸਾਨਾਂ ਨੂੰ ਨਹੀਂ ਮਿਲਿਆ। ਇਨ੍ਹਾਂ ਕੰਪਨੀਆਂ ਵਿੱਚ ਯੂਨੀਵਰਸਲ ਸੋਂਪੂ ਜੀ ਆਈ ਸੀ ਲਿਮਟਿਡ, ਸੀ ਬੀ ਆਈ ਜਨਰਲ ਇੰਸ਼ੋਰੈਂਸ ਕੰਪਨੀ ਅਤੇ ਓਰੀਐਂਟਲ ਇੰਸ਼ੋਰੈਂਸ਼ ਕੰਪਨੀ ਸ਼ਾਮਲ ਹਨ। ਇਨ੍ਹਾਂ ਕੰਪਨੀਆਂ ਨੂੰ ਲਿਖਿਆ ਗਿਆ ਹੈ ਕਿ ਉਨ੍ਹਾਂ ਨੇ 2018-19 ਦੇ ਟੈਂਡਰ ਦੇ ਨਿਯਮਾਂ ਅਨੁਸਾਰ ਕਿਸਾਨਾਂ ਨੂੰ ਪੈਸਾ ਨਹੀਂ ਦਿੱਤਾ। ਇਨ੍ਹਾਂ ਨੂੰ ਪਹਿਲਾਂ 17 ਜਨਵਰੀ ਨੂੰ ਕਾਰਨ ਦੱਸੋ ਨੋਟਿਸ ਦਿੱਤਾ ਗਿਆ ਸੀ, ਪਰ ਉਸ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ। ਖੇਤੀ ਮੰਤਰੀ ਓਮ ਪ੍ਰਕਾਸ਼ ਧਨਖੜ ਨੇ ਕਿਹਾ ਕਿ ਕਿਸਾਨਾਂ ਦੇ ਮੁਆਵਜ਼ੇ ਵਿੱਚ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਏਗੀ।






## ਸਿਰੀ ਰਾਗ ਮਹਲਾ ੩ ॥ (ਪੰਨਾ ੬੭)

ਤਥਾ:- ਪੰਡਿਤ ਪੜਿ ਪੜਿ ਵਾਦੁ ਵਖਾਣਹਿ ਬਿਨੁ ਗੁਰ ਭਰਮਿ ਭਲਾਏ॥

ਲਖ ਚਉਰਾਸੀ ਫੇਰੁ ਪਇਆ ਬਿਨੁ ਸਬਦੈ ਮੁਕਤਿ ਨਾ ਪਾਏ॥

ਤਥਾ:- ਮ: ੩॥

ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ॥

ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ॥੨॥

(ਪੰਨਾ ੮੪)

ਤਥਾ:- ਸਲੋਕ ਮ: ੩॥

ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ॥

ਦੂਜੇ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ॥

(ਪੰਨਾ ੮੫)

(ਨਾਮੁ ਪਰਾਪਤ ਕਿਥੋਂ ਹੁੰਦਾ ਹੈ) ਸਲੋਕ ਸਹਸ ਕ੍ਰਿਤੀ

ਨਚ ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸ੍ਵਰਗ ਰਾਜਨਹ॥

ਨਚੇ ਦੁਰਲਭੰ ਭੋਜਨੰ ਬਿੰਜਨੰ ਨਚ ਦੁਰਲਭੰ ਸ੍ਵਛ ਅੰਬਰਹ॥

ਭਾਵ:- ਸਤਿਗੁਰੂ ਕਥਨ ਕਰਦੇ ਹਨ= ਧਨ ਪ੍ਰਾਪਤ ਹੋਣਾ ਵੀ ਲਾਭਦਾਇਕ ਨਹੀਂ ਹੈ। ਸ੍ਵਰਗ ਦਾ ਰਾਜ ਪ੍ਰਾਪਤ ਹੋਣਾ ਵੀ ਲਾਭਦਾਇਕ ਨਹੀਂ



ਕਰਨੈਲ ਸਿੰਘ ਟੋਰਾਂਟੋ
416-746-7642

ਹੈ। ਸੁਖ ਤਾਂ ਦੋਵੇਂ ਹੀ ਚੰਗੇ ਹਨ ਵੱਡੇ ਭਾਗਾਂ ਵਾਲਿਆਂ ਨੂੰ ਮਿਲਦਾ ਹੈ ਧਨ ਅਤੇ ਸਵਰਗ ਦਾ ਰਾਜ ਪਰ ਪੱਕਾ ਸੁੱਖ ਨਹੀਂ ਕੱਚਾ ਹੈ।

ਤਥਾ:- ਸੰਤ ਸਮਾਗਮ ਹਰਿ ਕਥਾ ਤੁਲਸੀ ਦੁਰਲਭ ਦੋਇ।

ਸੁਤ ਦਾਰਾ ਅਰ ਲਛਮੀ ਪਾਪੀ ਦੇ ਭੀ ਹੋਇ।

ਅਰਥ:- ਅਤੇ ਰੂਪਵਾਨ ਹੋਣਾ ਵੀ ਸੁੰਦਰਤਾ ਵੀ ਚੰਗੀ ਹੈ ਪਰ ਕੱਚਾ ਸੁਖ ਹੈ।

ਚੰਗਾ ਰੂਪ ਪਸ਼ੂਆਂ ਪੰਖੀਆਂ ਦਾ ਵੀ ਹੁੰਦਾ ਹੈ, ਨਾਮ ਦੇ ਬਰਾਬਰ ਨਹੀਂ ਹਨ।

ਤਥਾ:- ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥

ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥੧॥

(ਪੰਨਾ ੨੫੩)

ਨਚ ਦੁਰਲਭੰ ਸੁਤ ਮਿਤ੍ਰ ਭ੍ਰਾਂਤ ਬਾਂਧਵ ਨਚ ਦੁਰਲਭੰ ਬਨਿਤਾ ਬਿਲਾਸਹ॥

ਅਰਥ:- ਤੇਰੇ ਲਈ=ਪੁੱਤ੍ਰ, ਮਿਤਰ, ਭਰਾ ਅਤੇ ਹੋਰ ਸਬੰਧੀਆਂ ਦੀ ਪ੍ਰਾਪਤੀ ਵੀ ਦੁਰਲਭੰ=ਲਾਭ ਦਾਇਕ ਨਹੀਂ ਹੈ। ਇਸਤ੍ਰੀ ਦਾ ਬਿਲਾਸ=ਸੁਖ ਵੀ ਕੱਚਾ ਸੁੱਖ ਆਨੰਦ ਹੈ, ਇਸਤ੍ਰੀ ਸੁਖ ਬਿਲਾਸ ਸਾਰੀਆਂ ਜੂਨੀਆਂ ਵਿਚ ਵੀ ਹੈ।

ਨਚ ਦੁਰਲਭੰ ਬਿਦਿਆ ਪ੍ਰਬੀਣੰ ਨਚ ਦੁਰਲਭੰ ਚਤੁਰ ਚੰਚਲਹ॥

ਦੁਰਲਭੰ ਏਕ ਭਗਵਾਨ ਨਾਮਹ ਨਾਨਕ ਲਭਧਿੰ ਸਾਧ ਸੰਗਿ ਕ੍ਰਿਪਾ ਪ੍ਰਭੰ॥੩੫॥

(ਪੰਨਾ ੧੩੫੭)

ਭਾਵ:- ਕਈ ਪ੍ਰਕਾਰ ਦੀ ਵਿਦਿਆ ਵਿਚ ਪ੍ਰਬੀਣੇ=ਚਤੁਰ ਹੋਣਾ ਵੀ ਦੁਰਲਭ ਲਾਭਦਾਇਕ ਨਹੀਂ ਹੈ ਨਚ=ਨਹੀਂ ਹੈ। ਕਾਰ ਵਿਹਾਰ ਵਿਚ ਚਤੁਰ ਹੋਣਾ ਵੀ ਨਚ=ਨਹੀਂ ਹੈ।

ਦੁਰਲੱਭ ਏਕ ਭਗਵਾਨ ਨਾਮਹ॥

ਅਰਥ:- ਯਾਦ ਰੱਖਣ ਵਾਲੀ ਗੱਲ ਹੈ, ਏਥੇ ਨਚ ਸ਼ਬਦ ਦੀ ਵਰਤੋਂ ਨਹੀਂ ਕੀਤੀ ਦੁਰਲਭੰ ਹੈ ਇਕ ਭਗਵਾਨ ਦਾ ਨਾਮ ਬਾਕੀ ਸੰਸਾਰ ਸੁੱਖ ਕੱਚੇ ਹਨ।

ਨਾਨਕ ਲਬਧਿੰ ਸਾਧ ਸੰਗਿ ਕ੍ਰਿਪਾ ਪ੍ਰਭੰ॥੩੫॥

(ਪੰਨਾ ੧੩੫੭)

ਅਰਥ:- ਏਥੇ ਸ਼ਬਦ ਸਾਧ ਸੰਗਿ ਹੈ ਭਾਵ ਸਾਧੂ ਦੀ ਸੰਗਤ ਕਰਕੇ ਸੇਵਾ ਕਰਕੇ ਸਾਧੂ ਦੀ ਰਸਨਾ ਤੋਂ ਪ੍ਰਾਪਤ ਹੋਵੇਗਾ। ਲਭਧ੍ਹੰ =ਲਭੇਗਾ, ਜਿਸ ਤਰ੍ਹਾਂ ਭਾਈ ਲਹਿਣੇ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਸਨਾ ਤੋਂ ਪ੍ਰਾਪਤ ਹੋਇਆ। ਇਸੇ ਤਰ੍ਹਾਂ ਦਸਵੇਂ ਜਾਮੇਂ ਤਕ ਮਿਲਦਾ ਰਿਹਾ। 1699 ਦੀ ਵੈਸਾਖੀ ਤੋਂ ਬਾਦ ਇਸਦੀ ਪ੍ਰਾਪਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਆਗਿਆ ਪ੍ਰਾਪ ਤਕਰਕੇ ਭਾਵ ਅਰਦਾਸ ਕਰਕੇ=ਮੁਖਵਾਕ ਪ੍ਰਾਪਤ ਕਰਕੇ ਪੰਜ ਪਿਆਰੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਂਦੇ ਹਨ! ਅਤੇ ਪੰਜ ਵਾਰ ਬੋਲਕੇ ਵਾਹਿਗੁਰੂ ਗੁਰਮੰਤ੍ਰ ਦਿੰਦੇ ਹਨ। ਉਸ ਦਿਨ ਤੋਂ ਸਿੱਖ ਅਤੇ ਗੁਰੂ ਗ੍ਰੰਥ ਸਾਹਿਬ ਦਾ ਗੁਰੂ ਚੇਲੇ ਵਾਲਾ ਰਿਸ਼ਤਾ ਬਣਦਾ ਹੈ। ਜਿੰਨੀਂ ਦੇਰ ਪੰਜਾਂ ਪਿਆਰਿਆਂ ਤੋਂ ਸ਼ਬਦ ਨਹੀਂ ਸੁਣਦਾ ਅਜੇ ਨਿਗੁਰਾ ਹੈ। ਗੁਰੂ ਵਾਲਾ ਨਹੀਂ ਹੈ। ਭਾਵੇਂ ਸਾਰੀ ਜ਼ਿੰਦਗੀ ਗੁਰ-ਦੁਆਰੇ ਬੈਠਾ ਰਹੇ। ਪਾਠ ਪੂਜਾ ਕਰਦਾ ਹੈ ਸੇਵਾ ਵੀ ਕਰਦਾ ਹੈ ਦਾਨ ਪੁੰਨ ਵੀ ਕਰਦਾ ਹੈ। ਅਜੇ ਉਹ ਸ਼ਬਦ ਹੈ ਨਹੀਂ ਜੋ ਉਤੇ ਲਿਖਿਆ ਸਾਧ ਦਾ ਸੰਗ ਕਰਕੇ ਲਾਭਦਾਇਕ ਹੈ। 1699 ਦੀ ਵੈਸਾਖੀ ਤੋਂ ਪਹਿਲਾਂ ਸਾਧ ਹੀ ਨਾਮ ਦਾਨ ਦਿੰਦੇ ਸਨ। ਜਿਸ ਤਰ੍ਹਾਂ ਗਣਿਕਾ ਬੇਸਵਾ ਨੂੰ ਸਾਧੂਆਂ ਦੁਆਰਾ ਪ੍ਰਾਪਤ ਹੋਇਆ। ਕਬੀਰ ਜੀ ਨੂੰ ਰਾਮਾ ਨੰਦ ਸਾਧੂ ਤੋਂ ਪ੍ਰਾਪਤ ਹੋਇਆ, ਧਰੂੰ ਭਗਤ ਨੂੰ ਨਾਰਦ ਮੁਨੀ ਤੋਂ, ਪ੍ਰਹਿਲਾਦ ਭਗਤ ਨੂੰ ਨਾਰਦ ਮੁਨੀ ਤੋਂ ਅਤੇ ਹੋਰ ਬਹੁਤ ਸਾਰੀਆਂ ਉਦਾਹਰਣਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਮਿਲਦੀਆਂ ਹਨ। ਕਬੀਰ ਜੀ ਰਾਮਾ ਨੰਦ ਸਾਧੂ ਦੀ ਵਾਰਤਾ ਲਿਖਦੇ ਹਨ:-

ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ॥

ਏਕੁ ਜੋ ਸਾਧੁ ਮੋੁਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ॥੭੮॥

(ਪੰਨਾਂ ੧੩੬੮)

ਭਾਵ:- ਕਬੀਰ ਜੀ ਕਥਨ ਕਰਦੇ ਹਨ ਕਿ ਮੈਨੂੰ ਤਾਂ ਰਾਮਾ ਨੰਦ ਸਾਧੂ ਮੇਰੇ ਗੁਰੂ ਜੀ ਨੇ ਉਪਦੇਸ਼ ਰੂਪੀ ਅੰਚਲਿ=ਪੱਲੇ ਨਾਲ ਲਾ ਲਿਆ ਹੈ। ਇਸ ਕਰਕੇ ਮੈਂ ਜਮਾਂ ਦੇ ਠੇਂਗੇ=ਡੰਡੇ ਤੋਂ ਬਚ ਗਿਆ ਹਾਂ ਪਰ ਦੁਨੀਆਂ ਦੇ ਲੋਗੋ ਉਹ ਠੇਂਗਾ ਬਹੁਤ ਸਖ਼ਤ ਹੈ ਉਹ ਸਹਾਰਨਾ ਮੁਸ਼ਕਿਲ ਹੈ। ਗੁਰਉਪਦੇਸ਼ ਲੈਕੇ ਪੰਜਾਂ ਪਿਆਰਿਆਂ ਦੁਆਰਾ ਕਮਾਈ ਸ਼ੁਰੂ ਕਰੋ।

ਤਥਾ:- ਜੋ ਇਛੈ ਸੋਈ ਫਲੁ ਪਾਵੈ॥ ਸਾਧ ਕੈ ਸੰਗਿ ਨ ਬਿਰਥਾ ਜਾਵੈ॥

ਪਾਰਬ੍ਰਹਮ ਸਾਧ ਰਿਦ ਬਸੈ॥ ਨਾਨਕ ਉਧਰੈ ਸਾਧ ਸੁਨਿ ਰਸੈ॥੬॥

(ਪੰਨਾ ੨੭੨) ਸੁਖਮਨੀ ਮਹਲਾ ੫

ਤਥਾ:- ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵ ਧਾਰਿ॥

ਸੋਈ ਨਾਮੁ ਪਦਾਰਥੁ ਅਮਰ ਗੁਰ ਤੁਸਿ ਦੀਓ ਕਰਤਾਰਿ॥੬॥

ਸਵਈਏ ਮਹਲੇ ਤੀਜੇ ਕੇ (ਪੰਨਾ ੧੩੯੩)

ਅਰਥ:- ਸਾਰਿਆਂ ਸ਼ੁਭ ਕਰਮਾਂ ਵਿਚੋਂ ਪ੍ਰਮੇਸ਼ਰ ਦਾ ਨਾਮ ਸ਼੍ਰੋਮਣੀ ਹੈ। ਇਸ ਕਰਕੇ ਗੁਰਮੁਖ ਪ੍ਰਮੇਸ਼ਰ ਦੇ ਨਾਮ ਦਾ ਸਿਮਰਨ ਲਿਵ ਲਗਾ ਕੇ ਕਰਦੇ ਹਨ।

ਓਹੀ ਨਾਮ ਜਿਸ ਨੂੰ ਭਗਤ ਜਨ ਜਪਦੇ ਹਨ,

ਹੇ ਸ੍ਰੀ ਗੁਰੂ ਅਮਰ ਦਾਸ ਜੀ ਆਪ ਜੀ ਨੂੰ ਕਰਤਾਰ ਸਰੂਪ=

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪ੍ਰਸੰਨ ਹੋ ਕੇ ਆਪ ਜੀ ਨੂੰ ਦਿਤਾ ਹੈ।

ਰਵਿਦਾਸ ਜੀ ਨਾਮੁ ਦੀ ਮਹਿਮਾ ਦਸਦੇ ਹਨ।

ਰਾਗ ਮਲਾਰ ਰਵਿਦਾਸ ਜੀ

ਰਹਾਉ॥ ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀਂ ਪਾਨੰ॥

ਸੁਰਾ ਅਪਵਿਤ੍ਰ ਨ ਤੇ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥੧॥

ਭਾਵ:- ਸੁਰਸਰੀ=ਗੰਗਾ ਦਾ ਜਲ ਬਹੁਤ ਹੀ ਪਵਿਤ੍ਰ ਮੰਨਿਆ ਜਾਂਦਾ ਹੈ। ਸਭ ਸਾਧੂ ਬ੍ਰਾਹਮਣ ਅਤੇ ਦੁਨੀਆਂ ਦੇ ਲੋਕ ਇਸ਼ਨਾਨ ਕਰਦੇ ਹਨ। ਗੰਗਾ ਦੇ ਪਾਣੀ ਵਿਚ ਅਤੇ ਚਰਨਾਮਤ ਲੈਂਦੇ ਹਨ ਪਰ ਜੇ ਕੋਈ ਬੰਦਾ=ਕ੍ਰਿਤਿ ਬਾਰਨੀ=ਕ੍ਰਿਤ ਕਰਕੇ ਗੰਗਾ ਦੇ ਜਲ ਦੀ ਸ਼ਰਾਬ ਤਿਆਰ ਕਰ ਲਵੇ ਤਾਂ ਕੋਈ ਸੰਤ ਪ੍ਰਭੂ ਦੀ ਭਗਤੀ ਕਰਨ ਵਾਲਾ ਉਸ ਸ਼ਰਾਬ ਨੂੰ ਨਹੀਂ ਪੀਵੇਗਾ। ਉਹੀ ਗੰਗਾ ਦਾ ਪਾਣੀ ਸ਼ਰਾਬ ਬਣਕੇ ਅਪਵਿਤ੍ਰ ਹੋ ਗਿਆ ਹੈ, ਉਸ ਗੰਗਾ ਦੇ ਪਵਿਤ੍ਰ ਪਾਣੀ ਵਿਚ ਔਗੁਣ ਆ ਗਏ ਹਨ। ਇਸ ਕਰਕੇ ਸੰਤ ਜਨ ਨਹੀਂ ਪੀਂਦੇ, ਪਰ ਜੇ ਉਸ ਸ਼ਰਾਬ ਵਾਲੇ ਪਾਣੀ ਨੂੰ ਫਿਰ ਗੰਗਾ ਵਿਚ ਰੋੜ੍ਹ ਦਿੱਤਾ ਜਾਵੇ ਤਾਂ ਗੰਗਾ ਦੇ ਪਾਣੀ ਦਾ ਪ੍ਰਵਾਹ ਬਹੁਤ ਜ਼ਿਆਦਾ ਹੈ, ਉਸ ਸ਼ਰਾਬ ਦੇ ਘੜੇ ਦਾ ਪਾਣੀ ਬਹੁਤ ਹੀ ਥੋੜੀ ਮਾਤਰਾ ਵਿਚ ਹੈ। ਗੰਗਾ ਵਿਚ ਮਿਲ ਕੇ ਗੰਗਾ ਦਾ ਰੂਪ ਹੀ ਹੋ ਜਾਂਦਾ ਹੈ। ਉਸ ਦੇ ਔਗੁਣ ਖ਼ਤਮ ਹੋ ਗਏ॥੧॥

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥

ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥੨॥

ਭਾਵ:- ਤਰ=ਦਰੱਖ਼ਤ=ਤਾਰਿ=ਤਾੜੀ, ਤਾੜੀ ਦਾ ਇਕ ਦਰਖਤ ਹੈ, ਜਿਸਦੇ ਪਾਣੀ ਦੀ ਭਾਵ ਰਸੇ ਦੀ ਸ਼ਰਾਬ ਬਣਦੀ ਹੈ ਉਸ ਦੇ ਰਸੇ ਵਿਚ ਨਸ਼ਾ ਹੈ। ਉਸ ਦਰਖਤ ਨੂੰ ਟੱਕ ਲਾ ਕੇ ਉਸਦੇ ਨੀਚੇ ਇਕ ਘੜਾ ਬੰਨ੍ਹ ਦਿੰਦੇ ਹਨ। ਟੱਕ ਵਾਲੀ ਜਗ੍ਹਾ ਤੋਂ ਰਸ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਜਦ ਘੜਾ ਦੂਸਰੇ ਤੀਸਰੇ ਦਿਨ ਭਰ ਜਾਂਦਾ ਹੈ ਤਾਂ ਖੋਲ੍ਹ ਲੈਂਦੇ ਹਨ। ਉਸਨੂੰ ਤਾੜੀ ਦੀ ਸ਼ਰਾਬ ਕਹਿ ਕੇ ਵੇਚਦੇ ਹਨ। ਇਹ ਸ਼ਰਾਬ ਔਗੁਣਕਾਰੀ ਮੰਨੀ ਜਾਂਦੀ ਹੈ, ਪਰ ਜੇ ਕੋਈ ਸੰਤ ਜਨ ਉਸ ਤਾੜੀ ਦੇ ਦਰਖਤ ਦੇ ਪੱਤੇ ਉਪਰ ਪ੍ਰਮਾਤਮਾ ਦਾ ਨਾਮ ਲਿਖ ਦੇਵੇ ਤਾਂ ਉਸੇ ਤਾੜੀ ਦੇ ਪਤ੍ਰ ਨੂੰ ਨਮਸਕਾਰਾਂ ਹੁੰਦੀਆਂ ਹਨ ਅਤੇ ਇਸ ਤਰ੍ਹਾਂ= ਕਾਗਰਾ=ਕਾਗਿਜ੍=ਜਿਸ ਵੇਲੇ ਮਿੱਟੀ ਗੁੰਦ ਕੇ ਤਿਆਰ ਕੀਤਾ ਜਾਂਦਾ ਹੈ ਇਸਨੂੰ ਮਿੱਟੀ ਬਣਾ ਕੇ ਕਈ ਦਿਨ ਤਕ ਗਾਲਿਆ ਜਾਂਦਾ ਹੈ ਤਾਂ ਇਸ ਦੀ ਮਿੱਟੀ ਚੋਂ ਬਹੁਤ ਹੀ ਬਦਬੂ ਆਂਦੀ ਹੈ ਪਰ ਜਦੋਂ ਇਹ ਗੰਦੀ ਮਿੱਟੀ ਤੋਂ ਕਾਗਜ਼ ਤਿਆਰ ਹੋ ਜਾਂਦਾ ਹੈ ਤਾਂ ਉਸ ਕਾਗਜ਼ ਦੇ ਉਪਰ ਪ੍ਰਭੂ ਭਗਤੀ ਵਾਲੇ ਸ਼ਬਦ ਲਿਖੇ ਜਾਂਦੇ ਹਨ। ਪ੍ਰਭੂ ਦੇ ਨਾਮੁ ਕਰਕੇ ਉਸੇ ਕਾਗਜ਼ ਨੂੰ ਨਮਸਕਾਰਾਂ ਹੁੰਦੀਆਂ ਹਨ।

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥

ਅਬ ਬਿਪ੍ਰ ਪ੍ਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸੁਰਣਾਇ ਰਵਿਦਾਸੁ ਦਾਸਾ॥

(ਪੰਨਾ ੧੨੯੩)

ਭਾਵ:- ਭਗਤ ਜੀ ਕਥਨ ਕਰਦੇ ਹਨ ਮੇਰਾ ਜਨਮ ਨੀਚੀ ਜ਼ਾਤੀ ਵਿਚ ਹੋਇਆ ਹੈ। ਨਿਤ ਪ੍ਰਤੀ ਦਿਨ ਮਰੇ ਹੋਏ ਡੰਗਰ ਪਸੂ ਢੋਂਦਾ ਹਾਂ। ਬਨਾਰਸੀ ਸ਼ਹਿਰ ਦੇ ਆਸ ਪਾਸ ਪਰ ਜਦੋਂ ਤੇਰਾ ਨਾਮੁ ਜਪਿਆ ਤਾਂ ਬਾਨਾਰਸੀ ਦੇ ਮੁਖੀ ਪੰਡਿਤ ਮੈਨੂੰ ਡੰਡੌਤਾਂ ਕਰਦੇ ਹਨ! ਇਹ ਤੇਰੇ ਨਾਮੁ ਦੀ ਮਹਿਮਾ ਹੈ, ਮੈਂ ਦਾਸ ਤੇਰੇ ਨਾਮੁ ਦੀ ਸ਼ਰਨਾਗਤ ਹਾਂ।

ਹੋਈਆਂ ਭੁਲਾਂ ਦੀ ਮੁਆਫੀ ਚਾਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

- ਕਰਨੈਲ ਸਿੰਘ ਟੋਰਾਂਟੋ: 416-746-7642

# ...ਹੁਣ ਤਾਂ ਗਲਾਂ ਹੀ ਰਹਿ ਗਈਆਂ ਨੇ ਆਤਮ-ਸਨਮਾਨ ਦੀਆਂ?



ਜਸਵੰਤ ਸਿੰਘ 'ਅਜੀਤ'

ਅੱਜ ਦੀ ਸਿੱਖ ਰਾਜਨੀਤੀ ਪੁਰ ਚਰਚਾ ਅਰੰਭ ਕਰਨ ਤੋਂ ਪਹਿਲਾਂ ਸਿੱਖ ਇਤਿਹਾਸ ਵਿਚਲੇ ਕੁਝ ਅਜਿਹੇ ਤੱਥ ਪੇਸ਼ ਕਰਨਾ ਬਹੁਤ ਹੀ ਜ਼ਰੂਰੀ ਜਾਪਦਾ ਹੈ, ਜੋ ਅੱਗੇ ਕੀਤੀ ਜਾਣ ਵਾਲੀ ਚਰਚਾ ਲਈ ਬਹੁਤ ਹੀ ਉਪਯੋਗੀ, ਸਾਰਥਕ ਤੇ ਮਹਤੱਵਪੂਰਣ ਹੋ ਸਕਦੇ ਹਨ। ਸਿੱਖ ਇਤਿਹਾਸ ਅਨੁਸਾਰ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖਤ ਦੀ ਸਿਰਜਨਾ ਕੀਤੀ, ਜਿਥੋਂ ਸਿੱਖਾਂ ਨੂੰ ਆਪਣੇ ਆਤਮ-ਸਨਮਾਨ ਦੀ ਰਖਿਆ, ਜਬਰ-ਜ਼ੁਲਮ ਅਤੇ ਅਨਿਆਇ ਦੇ ਨਾਸ ਲਈ ਜੂਝ ਮਰਨ ਦਾ ਆਤਮ-ਵਿਸ਼ਵਾਸ ਪ੍ਰਾਪਤ ਹੋਇਆ ਕਰਦਾ ਸੀ। ਉਸੇ ਆਤਮ-ਵਿਸ਼ਵਾਸ ਦੇ ਬਲਬੂਤੇ ਹੀ ਉਨ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਵਿੱਚ ਹਰ ਉਸ ਹਮਲੇ ਦਾ ਜਵਾਬ ਦ੍ਰਿੜ੍ਹਤਾ ਨਾਲ ਦੇ ਜਿੱਤ ਹਾਸਲ ਕੀਤੀ, ਜੋ ਸਮੇਂ ਦੇ ਹਾਕਮਾਂ ਵਲੋਂ ਉਨ੍ਹਾਂ ਨੂੰ ਦਬਾ ਅਤੇ ਕੁਚਲ ਦੇਣ ਦੇ ਉਦੇਸ਼ ਨਾਲ, ਉਨ੍ਹਾਂ ਪੁਰ ਕੀਤਾ ਗਿਆ। ਇਸੇ ਤਰ੍ਹਾਂ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਭੇਟ ਕਰਨ ਦੀ ਮੰਗ ਕਰਦਿਆਂ, ਉਸੇ ਆਤਮ-ਵਿਸ਼ਵਾਸ ਦੀ ਪ੍ਰੀਖਿਆ ਲੈ, ਅਜਿਹੇ 'ਖਾਲਸਾ' ਰੂਪੀ 'ਸੰਤ-ਸਿਪਾਹੀ' ਦੀ ਸਿਰਜਨਾ ਕੀਤੀ, ਜਿਸਨੇ ਪੂਰੇ ਆਤਮ-ਵਿਸ਼ਵਾਸ ਨਾਲ ਆਪਣੇ ਆਤਮ-ਸਨਮਾਨ, ਗਰੀਬ-ਮਜ਼ਲੂਮ ਤੇ ਇਨਸਾਫ ਦੀ ਰਖਿਆ ਅਤੇ ਜਬਰ-ਜ਼ੁਲਮ ਦਾ ਨਾਸ ਕਰਨ ਲਈ ਸਦੀਵੀ ਸੰਘਰਸ਼ ਜਾਰੀ ਰਖਣ ਦੇ ਅਪਨਾਏ ਸੰਕਲਪ ਪੁਰ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ। ਉਨ੍ਹਾਂ ਦੇ ਇਸੇ ਸੰਕਲਪ ਨਾਲ ਮਜ਼ਬੂਤੀ ਨਾਲ ਖੜੇ ਰਹਿਣ ਨੂੰ ਸਮੇਂ ਦੀਆਂ ਹਕੂਮਤਾਂ ਅਤੇ ਹੁਕਮਰਾਨ ਬਰਦਾਸ਼ਤ ਨਾ ਕਰ ਸਕੇ। ਉਨ੍ਹਾਂ ਵਲੋਂ ਉਨ੍ਹਾਂ (ਸਿੱਖਾਂ) ਦਾ ਖੁਰਾ-ਖੋਜ ਮਿਟਾਣ ਲਈ ਸ਼ਿਕਾਰ ਮੁਹਿੰਮਾਂ ਚਲਾਈਆਂ ਗਈਆਂ, ਉਨ੍ਹਾਂ ਦੇ ਸਿਰਾਂ ਦੇ ਮੁੱਲ ਮੁਕਰੱਰ ਕੀਤੇ ਗਏ, ਇਸਤੋਂ ਇਲਾਵਾ ਸ਼ਾਇਦ ਕੋਈ ਅਜਿਹਾ ਜ਼ੁਲਮ ਬਾਕੀ ਰਹਿ ਗਿਆ ਹੋਵੇ, ਜੋ ਸਿੱਖਾਂ ਪੁਰ ਅਜ਼ਮਾਇਆ ਨਹੀਂ ਸੀ ਗਿਆ। ਇਸ ਸਭ-ਕੁਝ ਦੇ ਬਾਵਜੂਦ ਸਿੱਖ ਆਪਣੇ ਆਦਰਸ਼ ਅਤੇ ਉਦੇਸ਼ ਪੁਰ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੇ ਰਹੇ, ਭਾਵੇਂ ਇਸ ਸਭ-ਕੁਝ ਦੇ ਚਲਦਿਆਂ ਉਨ੍ਹਾਂ ਨੂੰ ਅੰਤਹੀਨ ਸ਼ਹੀਦੀਆਂ ਵੀ ਦੇਣੀਆਂ ਪਈਆਂ।

ਜਦੋਂ ਇਸੇ ਆਦਰਸ਼ ਅਤੇ ਉਦੇਸ਼ ਦੀ ਰੋਸ਼ਨੀ ਵਿੱਚ ਅੱਜ ਦੀ ਗਲ ਕਰਦੇ ਹਾਂ, ਤਾਂ ਵੇਖਣ ਨੂੰ ਮਿਲਦਾ ਹੈ ਕਿ ਸਿੱਖਾਂ ਦੀ ਪ੍ਰਤੀਨਿਧਤਾ ਦਾ ਦਾਅਵਾ ਕਰਨ ਵਾਲੀਆਂ ਲਗਭਗ ਸਾਰੀਆਂ ਹੀ ਪਾਰਟੀਆਂ ਦੇ ਮੁੱਖੀ ਸਿੱਖਾਂ ਦੀ ਅਲਗ ਪਛਾਣ ਅਤੇ ਸਿੱਖੀ ਦੀ ਸੁਤੰਤਰ ਹੋਂਦ ਦੀ ਰਖਿਆ ਕਰਨ ਦੇ ਪ੍ਰਤੀ ਵਚਨਬੱਧ ਬਣੇ ਰਹਿਣ ਦਾ ਦਾਅਵਾ ਕਰਦਿਆਂ ਸਿੱਖਾਂ ਵਿੱਚ ਇਹ ਅਹਿਸਾਸ ਪੈਦਾ ਕੀਤੀ ਰਖਣਾ ਚਾਹੁੰਦੇ ਹਨ ਕਿ ਉਹ ਉਨ੍ਹਾਂ ਦੇ ਆਤਮ-ਵਿਸ਼ਵਾਸ ਅਤੇ ਆਤਮ-ਸਨਮਾਨ ਨੂੰ ਕਾਇਮ ਰਖੀ ਰਹਿਣ ਪ੍ਰਤੀ ਦ੍ਰਿੜ੍ਹ ਹਨ। ਪ੍ਰੰਤੂ ਜਦੋਂ ਉਨ੍ਹਾਂ ਦੇ ਦਾਅਵੇ ਨੂੰ ਉਨ੍ਹਾਂ ਵਲੋਂ ਹੀ ਅਪਨਾਈ ਰਣਨੀਤੀ ਅਤੇ ਕਾਰਜ-ਪ੍ਰਣਾਲੀ ਦੀ ਘੋਖ ਕਰਦੇ ਹਾਂ ਤਾਂ ਇਉਂ ਜਾਪਦਾ ਹੈ, ਜਿਵੇਂ ਉਨ੍ਹਾਂ ਵਿਚੋਂ ਕਿਸੇ ਨੇ ਕਾਂਗ੍ਰਸ ਦਾ ਹੱਥ ਫੜਿਆ ਹੋਇਆ ਹੈ ਤੇ ਕੋਈ ਭਾਜਪਾ ਦੀ ਝੋਲੀ ਵਿੱਚ ਦੁਬਕਿਆ ਬੈਠਾ ਹੈ, ਕੋਈ ਖਾਲਿਸਤਾਨ ਦੇ ਨਾਹਰੇ ਲਾ ਸਿੱਖਾਂ ਦਾ ਭਾਵਨਾਤਮਕ ਸ਼ੋਸ਼ਣ ਕਰਨ ਵਿੱਚ ਜੁਟਿਆ ਚਲਿਆ ਆ ਰਿਹਾ ਹੈ। ਕੁਝ ਅਜਿਹੇ ਛੋਟੇ-ਮੋਟੇ ਦਲ ਵੀ ਹਨ, ਜਿਨ੍ਹਾਂ ਦੀ ਪੂਰੀ ਟੀਮ ਇੱਕ 'ਬਾਈਕ' ਜਾਂ 'ਕਾਰ' ਵਿੱਚ ਸਿਮਟ ਕੇ ਰਹਿ ਜਾਂਦੀ ਹੈ। ਉਨ੍ਹਾਂ ਨੇ ਤਾਂ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਦੇ ਨਾਂ 'ਤੇ ਦੁਕਾਨਾਂ ਖੋਲ੍ਹ, ਉਸੇ ਨੂੰ ਆਪਣੀ ਰੋਜ਼ੀ-ਰੋਟੀ ਦਾ ਜੁਗਾੜ ਬਣਾ ਰਖਿਆ ਹੈ।

ਜਦੋਂ ਇਨ੍ਹਾਂ ਸਾਰੀਆਂ ਜੱਥੇਬੰਦੀਆਂ ਦੀ ਕਾਰਗੁਜ਼ਾਰੀ ਪੁਰ ਨਜ਼ਰ ਮਾਰੀ ਜਾਂਦੀ ਹੈ ਤਾਂ ਸਹਿਜੇ ਹੀ ਦਿਲ ਵਿੱਚ ਇਹ ਸੁਆਲ ਉਭਰ ਕੇ ਸਾਹਮਣੇ ਆ ਜਾਂਦਾ ਹੈ ਕਿ ਕੀ ਸਮਾਂ ਆਉਣ ਤੇ ਇਨ੍ਹਾਂ ਜੱਥੇਬੰਦੀਆਂ ਕੇ ਮੁੱਖੀ ਸਿੱਖਾਂ ਦੇ ਆਤਮ-ਸਨਮਾਨ ਦੇ ਨਾਲ ਉਨ੍ਹਾਂ ਦੇ ਧਰਮ (ਸਿੱਖੀ) ਦੀ ਸੁਤੰਤਰ ਹੋਂਦ ਅਤੇ ਉਨ੍ਹਾਂ ਦੀ ਅੱਡਰੀ ਪਛਾਣ ਨੂੰ ਕਾਇਮ ਰਖਣ ਪ੍ਰਤੀ ਈਮਾਨਦਾਰ ਰਹਿ ਸਕਣਗੇ? ਜਦੋਂ ਸਿੱਖ ਹਿਤਾਂ ਦੇ ਸੁਆਲ ਦੇ ਨਾਲ ਹੀ ਉਨ੍ਹਾਂ ਦੀ ਸਰਪ੍ਰਸਤ ਪਾਰਟੀ ਦੇ ਹਿਤਾਂ ਦੀ ਗਲ ਸਾਹਮਣੇ ਆ ਜਾਇਗੀ, ਤਾਂ ਕੀ ਉਹ ਆਪਣੀ ਸਰਪ੍ਰਸਤ ਪਾਰਟੀ ਨਾਲ ਖੜੇ ਰਹਿੰਦਿਆਂ ਉਸਦੇ ਹਿਤਾਂ ਲਈ, ਆਪਣੇ (ਸਿੱਖ) ਹਿਤਾਂ ਨੂੰ ਕੁਰਬਾਨ ਕਰਨ ਤੋਂ ਇਨਕਾਰ ਕਰ ਦੇਣ ਦੀ ਦਲੇਰੀ ਵਿਖਾ ਸਕਣਗੇ? ਇਹ ਕੁਝ ਅਜਿਹੇ ਸੁਆਲ ਹਨ ਜਿਨ੍ਹਾਂ ਦਾ ਜਵਾਬ ਦਿੰਦਿਆਂ, ਉਨ੍ਹਾਂ ਸਿੱਖ ਜੱਥੇਬੰਦੀਆਂ ਦੇ ਮੁੱਖੀ ਸ਼ਾਇਦ ਹੀ ਈਮਾਨਦਾਰ ਰਹਿ ਸਕਣ, ਜੋ ਨਿਜ ਸਵਾਰਥ ਦੇ ਅਧਾਰ 'ਤੇ ਇੱਕ ਜਾਂ ਦੂਸਰੀ ਰਾਜਸੀ ਪਾਰਟੀ ਦਾ ਹੱਥ ਫੜ ਅੱਗੇ ਵਧਣ ਦੀ ਦੌੜ ਵਿੱਚ ਜੁਟੇ ਚਲੇ ਆ ਰਹੇ ਹਨ।

ਜਦੋਂ ਪੰਜਾਬੀਆਂ ਦੀਆਂ ਕੁਰਬਾਨੀਆਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ: ਅੱਜ ਜਦੋਂ ਉਨ੍ਹਾਂ ਫਾਈਲਾਂ ਨੂੰ ਫੋਲਿਆ ਜਿਨ੍ਹਾਂ ਵਿੱਚ ਬੀਤੇ ਦੀਆਂ ਕਈ ਕੌੜੀਆਂ-ਮਿਠੀਆਂ ਯਾਦਾਂ ਦਫਨ ਚਲੀਆਂ ਆ ਰਹੀਆਂ ਹਨ, ਤਾਂ ਅਚਾਨਕ ਹੀ ਇਕ ਅਜਿਹੀ ਫਾਈਲ਼ ਸਾਹਮਣੇ ਆ ਗਈ, ਜਿਸ ਵਿੱਚ ਪੰਜ-ਕੁ ਵਰ੍ਹੇ ਪਹਿਲਾਂ, ਸੰਨ-1965 ਵਿੱਚ ਪਾਕਿਸਤਾਨ ਨਾਲ ਹੋਏ ਯੁੱਧ ਦੀ ਪੰਜਾਵੀਂ ਸਾਲਾਨਾ ਯਾਦ ਮਨਾਏ ਜਾਣ ਦੀਆਂ ਖਬਰਾਂ ਦਬੀਆਂ ਪਈਆਂ ਸਨ। ਇਨ੍ਹਾਂ ਖਬਰਾਂ ਅਨੁਸਾਰ ਪੰਜ-ਕੁ ਸਾਲ ਪਹਿਲਾਂ 1965 ਵਿੱਚ ਪਾਕਿਸਤਾਨ ਨਾਲ ਹੋਏ ਯੁਧ ਦੀ ਜਿੱਤ ਦੀ ਯਾਦ, ਦੇਸ਼ ਵਲੋਂ ਬੜੇ ਹੀ ਉਤਸਾਹ ਅਤੇ ਜੋਸ਼ ਨਾਲ ਮਨਾਈ ਗਈ। ਪ੍ਰੰਤੂ ਜਦੋਂ ਇਸ ਯਾਦ ਨੂੰ ਮਨਾਏ ਜਾਣ ਲਈ ਕੀਤੇ ਗਏ ਜਸ਼ਨਾਂ ਦੀਆਂ ਸੁਰਖੀਆਂ ਪੜ੍ਹਨ ਤੋਂ ਬਾਅਦ ਖਬਰਾਂ ਵਿੱਚ ਦਿੱਤੇ ਗਏ ਜਸ਼ਨਾਂ ਦੇ ਵੇਰਵੇ ਪੜ੍ਹੇ ਤਾਂ ਬਹੁਤ ਹੀ ਨਿਰਾਸ਼ਾ ਹੋਈ। ਇਸਦਾ ਕਾਰਣ ਇਹ ਸੀ 1965 ਦੇ ਯੁੱਧ ਦੇ ਜਸ਼ਨਾਂ ਨਾਲ ਸੰਬੰਧਤ ਛਪੀਆਂ ਇਨ੍ਹਾਂ ਸਾਰੀਆਂ ਖਬਰਾਂ ਤੋਂ ਇਉਂ ਜਾਪਿਆ, ਜਿਵੇਂ ਇਸ ਯੁੱਧ ਵਿੱਚ ਹੋਈ ਜਿੱਤ ਦੇ ਜਸ਼ਨ ਮਨਾਂਦਿਆਂ, ਇਸ ਯੁੱਧ ਵਿੱਚ ਪੰਜਾਬੀਆਂ ਨੇ ਜਿਸ ਬਹਾਦਰੀ, ਦਲੇਰੀ ਅਤੇ ਦੇਸ਼ ਪਿਆਰ ਦੇ ਜੋਸ਼ ਦਾ ਸਬੂਤ ਦਿੱਤਾ ਸੀ, ਉਸਨੂੰ ਬਿਲਕੁਲ ਹੀ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ ਹੈ। ਇਤਿਹਾਸ ਗੁਆਹ ਹੈ ਕਿ ਇਸ ਯੁੱਧ ਵਿੱਚ ਪੰਜਾਬੀਆਂ ਨੇ ਜੋ ਭੂਮਿਕਾ ਨਿਭਾਈ, ਉਹ ਆਪਣੇ-ਆਪ ਵਿੱਚ ਇੱਕ ਇਤਿਹਾਸ ਸੀ। ਪਰ ਇਸ ਯੁੱਧ ਦੀ ਯਾਦ ਮਨਾਉਂਦਿਆਂ, ਪੰਜਾਬੀਆਂ ਵਲੋਂ ਨਿਭਾਈ ਗਈ ਭੂਮਿਕਾ ਨੂੰ ਜਿਤਨੀ ਮਹਤੱਤਾ ਮਿਲਣੀ ਚਾਹੀਦੀ ਸੀ, ਉਹ ਮਿਲੀ ਵੇਖਣ, ਸੁਣਨ ਜਾਂ ਪੜ੍ਹਨ ਨੂੰ ਨਹੀਂ ਮਿਲੀ। ਜਿਸਦੇ ਫਲਸਰੂਪ ਨਿਰਾਸ਼ਾ ਹੋਣਾ ਕੁਦਰਤੀ ਸੀ। ਉਸ ਯੁੱਧ ਦੇ ਦਰਸ਼ਕ ਰਹੇ ਸੱਜਣ ਗੁਆਹ ਹਨ ਕਿ ਪਾਕਿਸਤਾਨ ਵਲੋਂ ਜਿਸਤਰ੍ਹਾਂ ਸਮੇਂ ਦੇ ਅਤਿ-ਆਧੁਨਿਕ ਪੈਂਟਨ ਟੈਂਕਾਂ ਅਤੇ ਹਥਿਅਰਾਂ ਨਾਲ ਲੈਂਸ ਹੋ, ਭਾਰਤੀ ਸੀਮਾ ਦੇ ਇਸ ਪਾਰ ਪੰਜਾਬ 'ਤੇ ਜ਼ੋਰਦਾਰ ਹਮਲਾ ਕੀਤਾ ਗਿਆ, ਉਸਤੋਂ ਭਾਰਤੀ ਜਰਨੈਲ ਤਕ ਘਬਰਾ ਉਠੇ ਸਨ ਅਤੇ ਉਹ ਇਹ ਮੰਨ ਬੈਠੇ ਸਨ ਕਿ ਉਨ੍ਹਾਂ ਲਈ ਇਸ ਹਮਲੇ ਨੂੰ ਰੋਕ ਪਾਣਾ ਸਹਿਜ ਨਹੀਂ ਹੋਵੇਗਾ। ਦਸਿਆ ਗਿਆ ਹੈ ਕਿ ਸ਼ਾਇਦ ਇਹੀ ਕਾਰਣ ਸੀ ਭਾਰਤੀ ਜਰਨੈਲ ਰਾਵੀ ਛੱਡ ਬਿਆਸ ਨਦੀ ਦੇ ਇਸ ਪਾਰ ਆ ਮੋਰਚਾ ਸੰਭਾਲਣ ਬਾਰੇ ਵਿਚਾਰ ਕਰਨ ਲਗ ਪਏ ਸਨ। ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦੁਰ ਸ਼ਾਸਤ੍ਰੀ ਵੀ ਆਪਣੇ ਨਿਰਾਸ਼ ਫੌਜੀ ਜਰਨੈਲਾਂ ਦੀ ਸਲਾਹ ਮੰਨ, ਫੌਜਾਂ ਨੂੰ ਮੈਦਾਨ ਛੱਡ ਪਿਛੇ ਹੱਟ ਆਉਣ ਦਾ ਆਦੇਸ਼ ਦੇਣ ਨੂੰ ਤਿਆਰ ਹੋ ਗਏ ਸਨ। ਪ੍ਰੰਤੂ ਅਜਿਹੇ ਸਮੇਂ ਫੌਜੀ ਜਰਨੈਲ ਹਰਬਖਸ਼ ਸਿੰਘ ਨੇ ਇੱਕ ਤਾਂ ਇਹ ਆਖ, ਪ੍ਰਧਾਨ ਮੰਤਰੀ ਸਹਿਤ ਉੱਚ ਫੌਜੀ ਅਧਿਕਾਰੀਆਂ ਦੀ ਇਸ ਸਲਾਹ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਅਜਿਹਾ ਕਰਨ ਨਾਲ ਆਪਣੀਆਂ ਫੌਜਾਂ ਦੇ ਹੌਂਸਲੇ ਟੁੱਟ ਜਾਣਗੇ ਅਤੇ ਦੂਸਰਾ ਉਹ ਕਿਸੇ ਵੀ ਕੀਮਤ ਤੇ ਸ੍ਰੀ ਦਰਬਾਰ ਸਾਹਿਬ ਨੂੰ ਦੁਸ਼ਮਣਾਂ ਦੇ ਹਵਾਲੇ ਕਰ, ਪਿਛੇ ਹਟਣ ਲਈ ਤਿਆਰ ਨਹੀਂ, ਤੀਸਰਾ ਸਰਹੱਦੀ ਪਿੰਡਾਂ ਦੇ ਪੰਜਾਬੀ ਕਮਰ ਕਸ, ਭਾਰਤੀ ਫੌਜ ਨਾਲ ਆ ਖੜੇ ਹੋਏ ਤੇ ਉਨ੍ਹਾਂ ਬੜੇ ਵਿਸ਼ਵਾਸ ਭਰੇ ਦਾਅਵੇ ਨਾਲ ਕਿਹਾ ਕਿ ਉਹ ਭਾਰਤੀ ਫੌਜੀਆਂ ਦੇ ਮੌਢੇ ਨਾਲ ਮੌਢਾ ਡਾਹ ਖੜੇ ਹੋਣਗੇ, ਜਦੋਂ ਤਕ ਉਨ੍ਹਾਂ ਦੀ ਜਾਨ ਵਿੱਚ ਜਾਨ ਹੈ, ਉਹ ਦੁਸ਼ਮਣ ਨੂੰ ਇੱਕ ਵੀ ਕਦਮ ਭਾਰਤੀ ਧਰਤੀ ਤੇ ਰੱਖ ਅੱਗੇ ਨਹੀਂ ਵਧਣ ਦੇਣਗੇ।

...ਅਤੇ ਅੰਤ ਵਿੱਚ: ...ਤੇ ਫਿਰ ਸੰਸਾਰ ਨੇ ਵੇਖਿਆ ਕਿ ਪੰਜਾਬੀਆਂ ਦੇ ਇਸ ਦਲੇਰੀ ਭਰੇ ਜਜ਼ਬੇ ਨੇ ਭਾਰਤੀ ਫੌਜੀਆਂ ਦੇ ਹੌਂਸਲੇ ਇਤਨੇ ਬੁਲੰਦ ਕਰ ਦਿੱਤੇ ਕਿ ਉਨ੍ਹਾਂ ਸਾਹਮਣੇ ਪਾਕਿ-ਸਤਾਨ ਦੇ ਆਧੁਨਿਕਤਮ ਪੈਂਟਨ ਟੈਂਕ ਅਤੇ ਹਥਿਆਰ ਇੱਕ-ਇੱਕ ਕਰ ਹਵਾ ਦੇ ਬੁਲਿਆਂ ਵਾਂਗ ਉਡਦੇ ਚਲੇ ਗਏ। ਅੱਜ ਵੀ ਖੇਮਕਰਨ ਦੇ ਮੈਦਾਨ ਵਿੱਚ ਪਾਕਿਸਤਾਨ ਦੇ ਪੈਂਟਨ ਟੈਂਕਾਂ ਦਾ ਕਬਰਸਤਾਨ, ਭਾਰਤੀ ਫੌਜੀਆਂ ਨਾਲ ਪੰਜਾਬੀਆਂ ਦੀ ਵੀਰਗਾਥਾ ਦੀ ਗੁਆਹੀ ਭਰਦਾ ਨਜ਼ਰ ਆਉਂਦਾ ਹੈ।

ਮੋਬਾ: + 91 95 82 71 98 90


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

**Sant Rampal Ji Maharaj Spiritual Discourse in Brampton on Sunday, September 1, 2019 from 10 am to 12pm**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਏਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Jagdish Grewal
Sales Representative
(416) 970-5005



Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਪਾਸ਼: ਆਪਣੇ ਨਾਲ ਗੱਲਾਂ ਦਾ ਝੁਰਮਟ

-ਡਾ. ਸੰਦੀਪ ਰਾਣਾ



ਪਾਸ਼ (9 ਸਤੰਬਰ 1950-23 ਮਾਰਚ 1988) ਉਸ ਸਾਹਿਤਕ ਰੁਝਾਨ ਦਾ ਕਵੀ ਸੀ, ਜਿਸ ਨੂੰ ਜੁਝਾਰਵਾਦੀ ਧਾਰਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਰੁਝਾਨ ਨਕਸਲੀ ਲਹਿਰ ਤੋਂ ਪ੍ਰਭਾਵਤ ਸੀ। ਇਸ ਦੌਰਾਨ ਉਸ ਦਾ ਮੇਲਜੋਲ ਖੱਬੇ-ਪੱਖੀ ਸਿਆਸੀ ਕਾਰਕੁਨਾਂ ਨਾਲ ਹੋਇਆ ਅਤੇ 1970 ਵਿੱਚ ਉਸ ਦੀ ਪਹਿਲੀ ਕਿਤਾਬ 'ਲੋਹ ਕਥਾ' ਪ੍ਰਕਾਸ਼ਿਤ ਹੋਈ। ਇਸ ਕਿਤਾਬ ਦੀਆਂ ਕਵਿਤਾਵਾਂ ਨਕਸਲੀ ਲਹਿਰ ਦੇ ਰੰਗ ਵਾਲੀਆਂ ਸਨ। ਇਸ ਲਹਿਰ ਨਾਲ ਜੁੜਨ ਕਰਕੇ ਉਸ ਨੇ ਜੇਲ੍ਹ ਵੀ ਕੱਟੀ। ਕਤਲ ਕੇਸ ਵਿੱਚੋਂ ਬਰੀ ਹੋਣ ਪਿੱਛੋਂ ਉਹ ਇਸੇ ਲਹਿਰ ਨਾਲ ਜੁੜਿਆ ਰਿਹਾ ਤੇ 'ਸਿਆੜ' ਪਰਚੇ ਦੀ ਸੰਪਾਦਨਾ ਸ਼ੁਰੂ ਕੀਤੀ। ਕਵਿਤਾਵਾਂ ਲਿਖਣੀਆਂ ਵੀ ਜਾਰੀ ਰੱਖੀਆਂ। ਇਨ੍ਹਾਂ ਕਵਿਤਾਵਾਂ ਕਾਰਨ ਵਿਦਿਆਰਥੀਆਂ, ਕਮਿਊਨਿਸਟਾਂ ਅਤੇ ਖੱਬੇ-ਪੱਖੀ ਬੁੱਧੀਜੀਵੀਆਂ ਵਿੱਚ ਉਸ ਦੀ ਖੂਬ ਪੈਂਠ ਬਣ ਗਈ। 1976 ਵਿੱਚ ਉਸ ਨੇ ਦੁਬਾਰਾ ਪੜ੍ਹਾਈ ਸ਼ੁਰੂ ਕੀਤੀ ਅਤੇ ਦਸਵੀਂ, ਗਿਆਨੀ ਅਤੇ ਜੇ ਬੀ ਟੀ ਪਾਸ ਕੀਤੀ।

ਜ਼ਿੰਦਗੀ ਬਸਰ ਕਰਨ ਲਈ ਲੋੜੀਂਦੇ ਸਰੋਤ ਨਾ ਹੋਣ ਕਾਰਨ ਪਾਸ਼ ਦੀ ਸ਼ਖਸੀਅਤ ਬਚਪਨ ਤੋਂ ਹੀ ਪ੍ਰਭਾਵਤ ਹੋਈ। ਡਾ. ਤੇਜਵੰਤ ਸਿੰਘ ਗਿੱਲ ਨੇ ਆਪਣੀ ਪੁਸਤਕ 'ਪਾਸ਼-ਜੀਵਨ ਤੇ ਰਚਨਾ' ਵਿੱਚ ਉਸ ਦੀ ਸ਼ਖਸੀਅਤ ਬਾਰੇ ਕਾਫੀ ਖੁਲਾਸਾ ਕੀਤਾ ਹੈ। ਉਸ ਦੇ ਅਨੁਸਾਰ ਪਾਸ਼ ਸੁਭਾਅ ਦੇ ਗੁਣਾਂ ਔਗੁਣਾਂ ਪੱਖੋਂ ਦਰਮਿਆਨਾ, ਨਿੱਜੀ ਬਿਹਤਰੀ ਲਈ ਕੋਸ਼ਿਸ਼ਾਂ ਨਾਂਹ ਦੇ ਬਰਾਬਰ, ਵਧੇਰੇ ਕਰਕੇ ਆਪੇ ਵਿੱਚ ਮਸਤ ਰਹਿਣ ਵਾਲਾ ਅਤੇ ਆਪਣੇ ਮੂਡ ਦਾ ਗੁਲਾਮ ਸ਼ਖਸ ਸੀ।

ਪਾਸ਼ ਦੀ ਇਸ ਵਿਲੱਖਣ ਸ਼ਖਸੀਅਤ ਦੀ ਝਲਕ ਉਸ ਦੀ ਡਾਇਰੀ 'ਆਪਣੇ ਨਾਲ ਗੱਲਾਂ' (ਸੰਪਾਦਕ-ਅਮਰਜੀਤ ਚੰਦਨ) ਤੋਂ ਮਿਲਦੀ ਹੈ। ਉਸ ਨੂੰ ਡਾਇਰੀ ਲਿਖਣ ਦੀ ਆਦਤ ਸੀ, ਭਾਵੇਂ ਇਸ ਵਿੱਚ ਬਹੁਤੀ ਲਗਾਤਾਰਤਾ ਨਹੀਂ, ਸਗੋਂ ਇਹ ਵੀ ਮੂਡ ਅਨੁਸਾਰ ਲਿਖੀ ਹੈ। ਡਾਇਰੀ ਤੋਂ ਇਹ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ ਕਿ ਉਸ ਦੀ ਸੋਚ ਤੇ ਪ੍ਰਤਿਭਾ ਦੀ ਵਿਲੱਖਣਤਾ ਕਾਰਨ ਉਸ ਨੂੰ ਅਣਗਣਿਤ ਤਲਖੀਆਂ ਦਾ ਸਾਹਮਣਾ ਕਰਨਾ ਪਿਆ। ਅਕਾਦਮਿਕ ਤੌਰ 'ਤੇ ਘੱਟ ਪੜ੍ਹੇ ਲਿਖੇ, ਪਿੰਡ ਦੇ ਸੀਮਤ ਜਿਹੇ ਚੁਗਿਰਦੇ ਵਿੱਚ ਵਿਚਰਨ ਵਾਲੇ, ਛੋਟੀ ਉਮਰ ਦੇ ਸ਼ਾਇਰ, ਸਿਆਸਤ, ਦਰਸ਼ਨ, ਇਤਿਹਾਸ ਤੇ ਸਾਹਿਤਕ ਸੰਸਾਰ ਨਾਲ ਪ੍ਰੇਮ ਰੱਖਣ ਵਾਲੇ ਪਾਸ਼ ਦੀ ਇਸ ਸ਼ਖਸੀਅਤ ਦਾ ਪ੍ਰਮਾਣ ਇਹੋ ਡਾਇਰੀ ਬਣਦੀ ਹੈ। ਉਸ ਨੂੰ ਅਹਿਸਾਸ ਸੀ ਕਿ ਉਸ ਵਿੱਚ ਕੋਈ ਵਿਲੱਖਣਤਾ ਹੈ। ਉਸ ਦੀਆਂ ਰਚਨਾਵਾਂ ਇਸ ਦੀ ਹਾਮੀ ਭਰਦੀਆਂ ਹਨ। ਕਵਿਤਾਵਾਂ ਵਿੱਚ ਵਰਤੇ ਸ਼ਬਦ ਅਤੇ ਪ੍ਰਤੀਕ ਅਸਲ ਵਿੱਚ ਉਸ ਦੇ ਨਿਵੇਕਲੇ ਅਨੁਭਵ ਦੀ ਤਰਜਮਾਨੀ ਕਰਦੇ ਹਨ।

ਡਾਇਰੀ ਦੇ ਇੰਦਰਾਜ ਵਿੱਚ ਉਸ ਦੀਆਂ ਕਵਿਤਾਵਾਂ ਦਾ ਇਕ ਰੂਪ ਦਿਸਦਾ ਹੈ, 'ਅੱਜ ਰਾਤ ਬਹੁਤ ਹੁਸੀਨ ਸੀ। ਰਾਤ ਭਰ ਰਾਤ ਨਾਲ ਗੱਲਾਂ ਕੀਤੀਆਂ। ਧਰਤੀ ਦੀ ਵਿਸ਼ਾਲ ਸੇਜ ਉਤੇ ਤਰੇਲ ਨੂੰ ਨਾਲ ਲੈ ਕੇ ਸੁੱਤੀ ਪਈ ਕਣਕ ਨਾਲ। ਚਾਨਣੀ ਨਾਲ। ਰਸੀ ਪਈ ਟੋਕ ਦੇ ਢੇਰਾਂ ਨਾਲ। ਚੁੱਪ ਚਾਪ ਅਨਾਥ ਖੜੇ ਗੱਡਿਆਂ ਨਾਲ। ਨਿਘ ਅਤੇ ਠੰਢ ਵਿਚਕਾਰ ਸਰਹੱਦ ਬਣੀਆਂ ਛੰਨਾਂ ਨਾਲ। ਉਦਾਸ ਪਈਆਂ ਖੁਰਲੀਆਂ ਨਾਲ। ਚਿਰਾਂ ਤੋਂ ਜਾਣੂ ਸਿਆਣੂ ਕਮਾਦਾਂ ਨਾਲ। ਸੁਖਾਵੀਂ ਭਾਅ ਮਾਰਦੀ ਰੇਤ ਨਾਲ। ਆਰਾਮ ਦੀ ਨੀਂਦ ਕਬਰਾਂ ਹੇਠ ਸੁੱਤੇ ਪਏ ਬਜ਼ੁਰਗਾਂ ਨਾਲ।'

ਪਾਸ਼ ਨੇ ਆਪਣੀ ਡਾਇਰੀ ਵਿੱਚ ਆਪਣੇ ਪਿੰਡ ਦੇ ਸਾਧਾਰਨ ਲੋਕਾਂ, ਉਨ੍ਹਾਂ ਦੀਆਂ ਸਮੱਸਿਆਵਾਂ, ਤੰਗੀਆਂ ਤੁਰਸ਼ੀਆਂ ਦੀ ਗੱਲ ਵੀ ਕੀਤੀ, ਜੋ ਅੱਗੇ ਚੱਲ ਕੇ ਉਸ ਦੀਆਂ ਕਵਿਤਾਵਾਂ ਦੇ ਵਿਸ਼ੇ ਵੀ ਬਣੇ। ਉਸ ਦੀ ਡਾਇਰੀ ਵਿੱਚ ਦਰਜ ਪਿੰਡ ਦੇ ਲੋਕ ਜਿਵੇਂ ਨਿੱਕਾ ਚੂਹੜਾ, ਚਮਨਾ ਚੌਧਰੀ, ਵੀਰੂ ਬਾਜ਼ੀਗਰ, ਬ੍ਰਾਹਮਣਾਂ ਦੇ ਮੋਹਰੀ, ਸੂਦਾਂ ਦੇ ਸ਼ਿੰਦੀ, ਲੁਹਾਰਾਂ ਦੇ ਕਰਮੇ, ਧੰਨੋ ਤਖਾਣੀ ਆਦਿ ਆਮ ਲੋਕਾਈ ਦੇ ਨੁਮਾਇੰਦਾ ਪਾਤਰ ਹਨ ਜਿਨ੍ਹਾਂ ਦੇ ਯਥਾਰਥ ਨੂੰ ਉਸ ਨੇ ਆਪਣੀਆਂ ਕਵਿਤਾਵਾਂ ਵਿੱਚ ਚਿਤਰਨ ਦਾ ਵੀ ਯਤਨ ਕੀਤਾ। ਉਸ ਨੇ ਡਾਇਰੀ ਵਿੱਚ ਚੇਤੰਨ ਰੂਪ ਵਿੱਚ ਸਵੈ ਬਿੰਬ ਦਿਖਾਉਣ ਦੀ ਕੋਸ਼ਿਸ਼ ਨਹੀਂ ਕੀਤੀ।

ਨਕਸਲੀ ਲਹਿਰ ਦੇ ਪ੍ਰਭਾਵ ਹੇਠ ਰਚਿਆ ਉਸ ਦਾ ਸਾਹਿਤ ਉਸ ਦੀ ਪਛਾਣ ਬਣ ਚੁੱਕਾ ਸੀ। ਉਸ ਦੀ ਇਹੀ ਸੋਚ ਉਸ ਦੀ ਡਾਇਰੀ ਵਿੱਚੋਂ ਵੀ ਪ੍ਰਗਟ ਹੁੰਦੀ ਹੈ। ਲਿਖਿਆ ਹੈ, 'ਰਚਨਾ ਸਭ ਤੋਂ ਵੱਡੀ ਹੋਣੀ ਹੈ। ਹੋਰ ਕੁਝ ਵੀ ਏਡਾ ਬਲਵਾਨ ਨਹੀਂ। ਸਵਾਲ ਰਚਨਾ ਨੂੰ ਸਵੀਕਾਰ ਕਰਨ ਦਾ ਹੈ, ਜੋ ਕੁਝ ਕਿਸੇ ਤੋਂ ਸਵੀਕਾਰਿਆ ਨਹੀਂ ਜਾਂਦਾ, ਉਹੋ ਉਹਦੇ ਲਈ ਦੁੱਖ ਬਣ ਜਾਂਦਾ ਹੈ। ਮੇਰੇ ਰਾਹ ਵਿੱਚ ਬਹੁਤ ਸਾਰੇ ਟੁੱਟੇ ਫੁੱਟੇ ਲੋਕ ਆਏ ਅਤੇ ਮੇਰੇ ਲਈ ਸਾਬਤਿਆਂ ਲੰਘ ਜਾਣਾ ਹੀ ਸਭ ਤੋਂ ਵੱਡਾ ਸੰਘਰਸ਼ ਰਿਹਾ ਹੈ। ਮੈਂ ਬੜੀ ਸਹਿਜ ਨਾਲ ਆਪਣੀਆਂ ਹੋਣੀਆਂ ਨੂੰ ਸਵੀਕਾਰ ਕਰ ਲਿਆ ਹੈ। ਮੈਂ ਦੁਖੀ ਬਹੁਤ ਘੱਟ ਹੁੰਦਾ ਹਾਂ ਤੇ ਖੁਸ਼ ਵੀ ਬੜਾ ਘੱਟ।' ਸਾਹਿਤ ਰਚਨਾ ਨੂੰ ਉਹ ਆਪਣੀ ਸੋਚ, ਆਪਣੀ ਵਿਚਾਰਧਾਰਾ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਦਾ ਢੰਗ ਮੰਨਦਾ ਹੈ। ਉਹ ਆਪਣੇ ਗੁਣਾਂ ਔਗੁਣਾਂ ਦੀ ਥਾਹ ਪਾਉਣ ਲਈ ਵਿਚਾਰਧਾਰਾ ਹੋਣਾ ਜ਼ਰੂਰੀ ਸਮਝਦਾ ਸੀ। ਉਸ ਲਈ ਵਿਚਾਰਧਾਰਾ ਤੋਂ ਅੱਡ ਹੋ ਕੇ ਪੜਚੋਲ, ਵਿਸ਼ਲੇਸ਼ਣ ਤੇ ਮੁਲੰਕਣ ਦਾ ਕਾਰਜ ਸੰਭਵ ਨਹੀਂ।

ਆਪਣੇ ਸੁਭਾਅ ਦੀ ਵਿਲੱਖਣਤਾ ਕਾਰਨ ਪਾਸ਼ ਨੂੰ ਸਮਾਜ ਵਿੱਚ ਪ੍ਰਚਲਿਤ ਰਸਮਾਂ ਚੰਗੀਆਂ ਨਹੀਂ ਲੱਗਦੀਆਂ ਸਨ। ਧਾਰਮਿਕਤਾ ਨੂੰ ਮਨ ਦਾ ਬੋਝ ਮੰਨਣ ਵਾਲਾ ਪਾਸ਼ ਧਰਮ ਪ੍ਰਤੀ ਸਮਾਜ ਦੀ ਝੂਠੀ ਸ਼ਰਧਾ ਨੂੰ ਭੰਡਦਾ ਅਤੇ ਆਪਣੀ ਡਾਇਰੀ ਵਿੱਚ ਗੁਰਦੁਆਰੇ ਵਿੱਚ ਸਿਰਫ ਦਿਖਾਵੇ ਲਈ ਆਈਆਂ ਔਰਤਾਂ ਅਤੇ ਮਰਦਾਂ 'ਤੇ ਵਿਅੰਗ ਕਸਦਾ ਹੈ। ਉਹ ਡਾਇਰੀ ਵਿੱਚ ਸਮਾਜ ਅੰਦਰਲੇ ਗਲਤ ਸਮਾਜਿਕ, ਧਾਰਮਿਕ ਤੇ ਸਿਆਸੀ ਵਰਤਾਰਿਆਂ ਦਾ ਇੰਦਰਾਜ ਕਰਦਾ ਹੈ। ਡਾਇਰੀ ਵਿੱਚ ਪਿੰਡ ਬਾਰੇ ਇਸ ਢੰਗ ਨਾਲ ਦ੍ਰਿਸ਼ ਸਿਰਜਿਆ ਹੈ ਕਿ ਪੂਰੇ ਪਿੰਡ ਦੀ ਤਸਵੀਰ ਅੱਖਾਂ ਅੱਗੇ ਬਣ ਜਾਂਦੀ ਹੈ, 'ਸ਼ਾਮ ਦੇ ਤਿੰਨ ਵੱਜੇ ਹਨ। ਚਾਚੇ ਦੀ ਮੱਝ ਮੂੰਹ ਨਾਲ ਟੋਕਰਾ ਹਿਲਾ-ਹਿਲਾ ਕੇ ਪੱਠੇ ਖਾਈ ਜਾ ਰਹੀ ਹੈ। ਕਿੰਦੀ ਆਵਦੀ ਭੈਣ ਨੂੰ ਕੱਪੜੇ ਦਾ ਸਿਰਾ ਫੜਾ ਕੇ ਉਸ ਨੂੰ ਕੈਂਚੀ ਨਾਲ ਕੱਟੀ ਜਾ ਰਹੀ ਹੈ। ਇੰਦਰ ਦੀ ਕੁੜੀ ਹੁਣੇ-ਹੁਣੇ ਪੱਠਿਆਂ ਦੀ ਪੰਡ ਲੈ ਕੇ ਲੰਘੀ ਹੈ। ਹੇਠੋਂ ਕਿਲਕਾਰੀਆਂ ਕਦੇ-ਕਦੇ ਸੁਣਦੀਆਂ ਹਨ ਜਾਂ ਬਖਸ਼ੋ ਦੀ ਹੌਲੀ ਜਿਹੀ ਆਵਾਜ਼। ਸਾਹਮਣੇ ਖੱਬੇ ਪਾਸੇ ਸਰਪੰਚ ਦੇ ਚੁਬਾਰੇ ਉਤੇ ਦਾਤੀ ਹਥੌੜੇ ਵਾਲਾ ਲਾਲ ਝੰਡਾ ਝੂਲ ਰਿਹਾ ਹੈ। ਤੀਹ ਚਾਲੀ ਨਿੱਕੀਆਂ-ਨਿੱਕੀਆਂ ਚਿੜੀਆਂ ਬੇਤਰਤੀਬੇ ਝੁਰਮਟ ਵਿੱਚ ਮੇਰੇ ਸਿਰ ਉਤੋਂ ਦੀ ਲੰਘ ਗਈਆਂ ਹਨ। ਮਸ਼ੀਨ ਮੂਹਰੇ ਬੈਠੀ ਕਿੰਦੀ ਦਾ ਹੱਥ ਮਸ਼ੀਨ ਦੀ ਹੱਥੀ ਉਤੇ ਇਸ ਤਰ੍ਹਾਂ ਰੁਮਕ ਰਿਹਾ ਹੈ ਜਿਵੇਂ ਦਰਿਆ ਵਿੱਚ ਤੇਜ਼ ਵਹਿੰਦੀਆਂ ਓਪਰੀ ਰੌਆਂ ਹੋਣ ਤੇ ਮੈਂ ਭਗਵਾਨ ਰਜਨੀਸ਼ ਦੀ ਕਿਤਾਬ 'ਭਾਰਤ ਗਾਂਧੀ ਔਰ ਮੈਂ' ਮੁਕਾ ਕੇ ਹਟਿਆ ਹਾਂ।'

ਇਉਂ ਇਹ ਡਾਇਰੀ ਪਾਸ਼ ਦੀ ਸ਼ਖਸੀਅਤ ਦਾ ਦਸਤਾਵੇਜ਼ ਹੋ ਨਿੱਬੜਦੀ ਹੈ। ਇਸ ਤੋਂ ਉਸ ਦੀ ਸੋਚ, ਸ਼ਖਸੀਅਤ ਅਤੇ ਵਿਚਾਰਧਾਰਾ ਦੇ ਦਰਸ਼ਨ ਸਹਿਜੇ ਹੀ ਹੋ ਜਾਂਦੇ ਹਨ।

# ਪਹਿਲਾਂ ਸਮਾਰਟ ਸੈਨੀਟੇਸ਼ਨ ਫਿਰ ਸਮਾਰਟ ਸਿਟੀ

-ਲਕਸ਼ਮੀਕਾਂਤਾ ਚਾਵਲਾ

ਭਾਰਤ ਵਿੱਚ ਕਈ ਵਾਰ ਇਹ ਦੁਖਦਾਈ ਖਬਰ ਮਿਲਦੀ ਹੈ ਕਿ ਸੀਵਰੇਜ ਦੀ ਸਫਾਈ ਕਰਦੇ ਕਰਮਚਾਰੀ ਮੌਤ ਦੇ ਮੂੰਹ ਵਿੱਚ ਚਲੇ ਗਏ। ਇਨ੍ਹਾਂ ਕਰਮਚਾਰੀਆਂ ਦੀ ਮੌਤ ਲਈ ਮੁਆਵਜ਼ਾ ਦੇਣ ਦੀ ਗੱਲ ਆਉਂਦੀ ਹੈ ਤਾਂ ਸਰਕਾਰਾਂ ਇਹ ਕਹਿ ਕੇ ਪੱਲਾ ਝਾੜ ਲੈਂਦੀਆਂ ਹਨ ਕਿ ਇਹ ਸਾਡੇ ਮੁਲਾਜ਼ਮ ਹਨ ਹੀ ਨਹੀਂ, ਇਹ ਠੇਕੇਦਾਰ ਦੇ ਕਰਮਚਾਰੀ ਹਨ। ਇਸ ਤੋਂ ਵਧੇਰੇ ਅਣਮਨੁੱਖੀ ਵਿਹਾਰ ਹੋਰ ਕੀ ਹੋਵੇਗਾ ਕਿ ਸਾਡੇ ਸਭ ਲਈ ਸਾਫ ਮਾਹੌਲ ਤਿਆਰ ਕਰਨ ਵਾਲਿਆਂ, ਸਾਨੂੰ ਗੰਦਗੀ ਤੋਂ ਨਿਜਾਤ ਦਿਵਾਉਣ ਵਾਲਿਆਂ ਲਈ ਦੇਸ਼ ਦੀਆਂ ਸਰਕਾਰਾਂ, ਮਨੁੱਖੀ ਅਧਿਕਾਰ ਕਮਿਸ਼ਨ ਅਤੇ ਠੰਢੇ ਕਮਰਿਆਂ 'ਚ ਬੈਠ ਕੇ ਨੀਤੀਆਂ ਘੜਨ ਅਤੇ ਕਾਨੂੰਨ ਬਣਾਉਣ ਵਾਲੇ ਕੁਝ ਸੋਚਣ ਤੇ ਕਰਨ ਨੂੰ ਤਿਆਰ ਨਹੀਂ। ਸ਼ਾਇਦ ਪੂਰੇ ਦੇਸ਼ ਵਿੱਚ ਇਕ ਵੀ ਸ਼ਹਿਰ ਅਜਿਹਾ ਨਹੀਂ, ਜਿਥੇ ਗੰਦੇ ਪਾਣੀ ਦੀ ਸਾਰੀ ਨਿਕਾਸੀ ਵਿਵਸਥਾ ਸੀਵਰਲੇਨ ਨਾਲ ਜੁੜੀ ਹੋਵੇ। ਦੇਸ਼ ਦੀ ਰਾਜਧਾਨੀ ਦਿੱਲੀ ਵੀ ਇਸ ਵਿੱਚ ਸ਼ਾਮਲ ਹੈ। ਸੱਚਾਈ ਇਹ ਹੈ ਕਿ ਭਾਰਤ ਵਿੱਚ ਸੈਨੀਟੇਸ਼ਨ ਦੀ ਸਮਝ ਬਹੁਤ ਘੱਟ ਹੈ। ਬਹੁਤ ਸਾਰੇ ਲੋਕ ਸਾਰੀ ਗੰਦਗੀ, ਕਾਗਜ਼, ਪਲਾਸਟਿਕ ਸਭ ਸੈਪਟਿਕ ਟੈਂਕ ਵਿੱਚ ਪਾਉਂਦੇ ਹਨ। ਜਦੋਂ ਉਥੇ ਨਿਕਾਸੀ ਰੁਕ ਜਾਂਦੀ ਹੈ ਤਾਂ ਕਿਸੇ ਨਾ ਕਿਸੇ ਨੂੰ ਉਸ ਵਿੱਚ ਵੜ ਕੇ ਸਫਾਈ ਕਰਨੀ ਪੈਂਦੀ ਹੈ। ਮੀਂਹ ਦੇ ਪਾਣੀ ਅਤੇ ਝੱਖੜ ਮਗਰੋਂ ਸੜਕਾਂ ਉਤੇ ਇਕੱਠੇ ਹੋਏ ਪਾਣੀ ਨੂੰ ਕੱਢਣ ਦਾ ਵੱਖੋ-ਵੱਖ ਪ੍ਰਬੰਧ ਨਹੀਂ। ਇਸ ਲਈ ਮੀਂਹ ਵੇਲੇ ਵੱਡੀ ਪਰੇਸ਼ਾਨੀ ਹੋ ਜਾਂਦੀ ਹੈ। ਸੀਵਰੇਜ ਸਾਫ ਕਰਨ ਵਾਲਿਆਂ ਨੂੰ ਮੈਨਹੋਲ ਵਿੱਚ ਉਤਰਨਾ ਪੈਂਦਾ ਹੈ ਤੇ ਇਸ ਨਾਲ ਕੁਝ ਅਭਾਗੇ ਮੌਤ ਦੇ ਮੂੰਹ 'ਚ ਚਲੇ ਜਾਂਦੇ ਹਨ।

ਇਹ ਕੌੜਾ ਸੱਚ ਹੈ ਕਿ ਸਰਕਾਰਾਂ ਮੈਨਹੋਲ ਵਿੱਚ ਉਤਰ ਕੇ ਜਾਨਾਂ ਗਵਾ ਚੁੱਕੇ ਮੁਲਾਜ਼ਮਾਂ ਦੀ ਸਹੀ ਗਿਣਤੀ ਨਹੀਂ ਦੱਸਦੀਆਂ, ਮੁਆਵਜ਼ਾ ਦੇਣਾ ਦੂਰ ਦੀ ਗੱਲ ਹੈ। ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਦੇ ਅੰਕੜਿਆਂ ਮੁਤਾਬਕ ਜਨਵਰੀ 2017 ਤੋਂ ਪੂਰੇ ਦੇਸ਼ ਵਿੱਚ ਸੀਵਰ ਅਤੇ ਸੈਪਟਿਕ ਟਠੰਕ ਦੀ ਸਫਾਈ ਵੇਲੇ ਹਰ ਪੰਜ ਦਿਨ ਵਿੱਚ ਔਸਤ ਇਕ ਆਦਮੀ ਦੀ ਮੌਤ ਹੋਈ ਹੈ। ਅੰਕੜਿਆਂ ਮੁਤਾਬਕ 2014-2018 ਦੌਰਾਨ ਸੀਵਰੇਜ ਦੀ ਸਫਾਈ ਕਰਦਿਆਂ 323 ਮੌਤਾਂ ਹੋ ਚੁੱਕੀਆਂ ਹਨ, ਪਰ ਹਾਲੇ ਤੱਕ ਸਰਕਾਰਾਂ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ।

ਭਾਰਤ ਵਿੱਚ ਸਰਕਾਰਾਂ ਨੇ ਸ਼ੋਸ਼ਣ ਦਾ ਇਕ ਨਵਾਂ ਤਰੀਕਾ ਕੱਢਿਆ ਹੈ, ਠੇਕੇਦਾਰੀ ਪ੍ਰਥਾ। ਕੋਈ ਹਸਪਤਾਲ ਹੋਵੇ ਜਾਂ ਸਰਕਾਰੀ ਦਫਤਰ, ਸੜਕਾਂ, ਸੀਵਰੇਜ ਵਿਵਸਥਾ ਆਦਿ ਸਭ ਕੁਝ ਠੇਕੇਦਾਰਾਂ ਹਵਾਲੇ ਕਰ ਦਿੱਤਾ ਹੈ। ਠੇਕੇਦਾਰ ਦੇ ਕਾਰਿੰਦੇ ਬਣ ਕੇ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ। ਬੈਂਕਾਂ ਵਿੱਚ ਵੱਡੀਆਂ ਰਕਮਾਂ ਲੈ ਕੇ ਜਾਣ ਵਾਲੀਆਂ ਗੱਡੀਆਂ ਦੇ ਸੁਰੱਖਿਆ ਕਾਮੇ ਵੀ ਠੇਕੇਦਾਰੀ ਸ਼ੋਸ਼ਣ ਦਾ ਸ਼ਿਕਾਰ ਹਨ। ਕੁਝ ਸਮਾਂ ਪਹਿਲਾਂ ਅੰਮ੍ਰਿਤਸਰ ਵਿੱਚ ਇਕੋ ਹਫਤੇ ਵਿੱਚ ਇਕੋ ਬੈਂਕ ਦੇ ਦੋ ਮੁਲਾਜ਼ਮ ਬਦਮਾਸ਼ਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ। ਹਿੰਮਤ ਦਿਖਾਉਂਦਿਆਂ ਉਨ੍ਹਾਂ ਨੇ ਨਕਦੀ ਲੁੱਟਣ ਤੋਂ ਬਚਾ ਲਈ, ਪਰ ਆਪਣੀ ਜਾਨ ਨਹੀਂ ਬਚਾ ਸਕੇ। ਇਹ ਇਸ ਲਈ ਦੱਸ ਰਹੀ ਹਾਂ ਕਿ ਮੌਤ ਪਿੱਛੋਂ ਜਦੋਂ ਮ੍ਰਿਤਕਾਂ ਦੇ ਪਰਵਾਰਾਂ ਦੀ ਮਦਦ ਦਾ ਸਮਾਂ ਆਇਆ ਤਾਂ ਬੈਂਕ ਅਧਿਕਾਰੀ ਇਹ ਕਹਿ ਕੇ ਖਾਮੋਸ਼ ਹੋ ਗਏ ਕਿ ਮ੍ਰਿਤਕ ਤਾਂ ਠੇਕੇਦਾਰ ਦੇ ਕਾਰਿੰਦੇ ਸਨ। ਜਦੋਂ ਬੈਂਕ ਕਰਮਚਾਰੀ ਨੂੰ ਕੋਈ ਰਾਹਤ ਨਹੀਂ ਮਿਲਦੀ ਤਾਂ ਸੀਵਰੇਜ ਕਾਮਿਆਂ ਦੀ ਕੌਣ ਸੁਣਦਾ ਹੈ। ਕੁਝ ਦਿਨ ਪਹਿਲਾਂ ਗਾਜ਼ੀਆਬਾਦ ਵਿੱਚ ਸੀਵਰੇਜ ਸਾਫ ਕਰਦੇ ਪੰਜ ਜਵਾਨ ਗੰਦੀ ਗੈਸਾਂ ਕਾਰਨ ਮੌਤ ਦੇ ਮੂੰਹ ਵਿੱਚ ਚਲੇ ਗਏ। 2019 ਵਿੱਚ ਲੁਧਿਆਣੇ ਵਿੱਚ ਵੀ ਤਿੰਨ ਜਵਾਨ ਸੈਪਟਿਕ ਟੈਂਕ ਦੀ ਸਫਾਈ ਕਰਦੇ ਮਾਰੇ ਗਏ। ਅੰਮ੍ਰਿਤਸਰ ਅਤੇ ਪੰਜਾਬ ਦੇ ਕਈ ਹੋਰ ਸ਼ਹਿਰਾਂ ਵਿੱਚ ਅਜਿਹੇ ਹਾਦਸੇ ਵਾਪਰ ਚੁੱਕੇ ਹਨ, ਪਰ ਕਿਸੇ ਦਾ ਦਿਲ ਨਹੀਂ ਪਸੀਜਦਾ। ਸਾਰੀਆਂ ਸਰਕਾਰਾਂ ਤੇ ਸੱਤਾਧਾਰੀਆਂ ਨੂੰ ਮੇਰਾ ਸਿੱਧਾ ਸਵਾਲ ਹੈ ਕਿ ਆਪਣੇ ਸੱਤਾ ਕਾਲ ਵਿੱਚ ਉਹ ਦੁਨੀਆ ਦੇ ਵਿਕ-ਸਿਤ ਦੇਸ਼ਾਂ ਦੀ ਸੈਰ ਦਾ ਕੋਈ ਮੌਕਾ ਨਹੀਂ ਖੁੰਝਾਉਂਦੇ। ਉਹ ਇਸ ਗੱਲ ਦਾ ਜਵਾਬ ਦੇਣ ਕਿ ਅਮਰੀਕਾ, ਜਾਪਾਨ, ਚੀਨ, ਜਰਮਨੀ, ਇੰਗਲੈਂਡ ਅਤੇ ਫਰਾਂਸ ਜਿਹੇ ਜਿਨ੍ਹਾਂ ਦੇਸ਼ਾਂ ਵਿੱਚ ਉਹ ਘੁੰਮ ਕੇ ਆਉਂਦੇ ਹਨ, ਕੀ ਉਥੇ ਵੀ ਸੀਵਰੇਜ ਸਫਾਈ ਦੀ ਇਹੀ ਵਿਵਸਥਾ ਹੈ? ਕੀ ਇਹ ਸੱਚ ਨਹੀਂ ਕਿ ਮਲੇਸ਼ੀਆ, ਸਿੰਗਾਪੁਰ ਤੇ ਜਾਪਾਨ ਜਿਹੇ ਦੇਸ਼ ਸੀਵਰੇਜ ਦਾ ਸੌ ਫੀਸਦੀ ਕੰਮ ਕਿਸੇ ਵੀ ਕਰਮਚਾਰੀ ਨੂੰ ਗੰਦਗੀ ਵਿੱਚ ਉਤਾਰੇ ਬਿਨਾਂ ਮਸ਼ੀਨਾਂ ਦੀ ਮਦਦ ਨਾਲ ਕਰ ਰਹੇ ਹਨ। ਅਮਰੀਕਾ ਤਾਂ ਬਹੁਤ ਅੱਗੇ ਹੈ।

ਪਿਛਲੇ ਦਿਨੀਂ ਪੂਰੇ ਦੇਸ਼ ਨੇ ਵੇਖਿਆ ਹੈ ਕਿ ਉਤਰ ਪ੍ਰਦੇਸ਼ ਵਿੱਚ ਉਚ ਸਿੱਖਿਆ ਪ੍ਰਾਪਤ ਨੌਜਵਾਨ ਵੀ ਪੱਕੀ ਨੌਕਰੀ ਦੇ ਮੋਹ ਵਿੱਚ ਇੰਟਰਵਿਊ ਲਈ ਗਏ ਤਾਂ ਉਨ੍ਹਾਂ ਕੋਲੋਂ ਸੀਵਰੇਜ ਦੀ ਸਫਾਈ ਦਾ ਕੰਮ ਕਰਵਾ ਕੇ ਦੇਖਿਆ ਗਿਆ। ਕਿਸੇ ਨੇ ਇਹ ਕਿਉਂ ਨਾ ਸੋਚਿਆ ਕਿ ਸੀਵਰੇਜ ਦੀ ਸਫਾਈ ਮਸ਼ੀਨਾਂ ਨਾਲ ਕੀਤੀ ਜਾਵੇ। ਇਨਸਾਨ ਨੂੰ ਗੰਦਗੀ ਵਿੱਚ ਵਾੜ ਕੇ ਉਸ ਨੂੰ ਮੌਤ ਦੇ ਮੂੰਹ ਵਿੱਚ ਕਿਉਂ ਧੱਕਿਆ ਜਾਂਦਾ ਹੈ। ਸਵਾਲ ਇਹ ਹੈ ਕਿ ਕੀ ਭਾਰਤ ਵਿੱਚ ਗਿਆਨ ਵਿ-ਗਿਆਨ ਦੀ ਕਮੀ ਹੈ ਜੋ ਅਸੀਂ ਅਜਿਹੀ ਮਸ਼ੀਨਰੀ ਨਹੀਂ ਬਣਾ ਸਕੇ, ਜਿਸ ਨਾਲ ਇਨਸਾਨਾਂ ਨੂੰ ਗੰਦਗੀ ਵਿੱਚ ਉਤਾਰ ਕੇ ਜਾਨ ਹਥੇਲੀ ਉਤੇ ਰੱਖ ਕੇ ਇਹ ਕੰਮ ਨਾ ਕਰਨਾ ਪਵੇ? ਇਹ ਗੱਲ ਮੰਨੀ ਨਹੀਂ ਜਾ ਸਕਦੀ ਕਿ ਦੇਸ਼ ਦੇ ਇੰਜੀਨੀਅਰ, ਵਿਗਿਆਨੀ ਅਜਿਹੇ ਸਾਧਨ ਤਿਆਰ ਨਹੀਂ ਕਰ ਸਕਦੇ। ਕਿਤੇ-ਕਿਤੇ ਜ਼ਰੂਰ ਸੁਪਰ ਸੱਕਰ ਮਸ਼ੀਨਾਂ ਲਾ ਕੇ ਸਫਾਈ ਕਰਾਈ ਜਾਂਦੀ ਹੈ, ਪਰ ਅਜਿਹੀਆਂ ਮਸ਼ੀਨਾਂ ਦੀ ਗਿਣਤੀ ਊਠ ਦੇ ਮੂੰਹ ਵਿੱਚ ਜੀਰੇ ਵਾਂਗ ਹੈ। ਜੇ ਅਜਿਹੀਆਂ ਮਸ਼ੀਨਾਂ ਹਰ ਨਗਰ ਪਾਲਿਕਾ, ਨਗਰ ਪੰਚਾਇਤ ਅਤੇ ਵੱਡੇ-ਵੱਡੇ ਮਹਾਂਨਗਰਾਂ ਵਿੱਚ ਨਗਰ ਨਿਗਮਾਂ ਨੂੰ ਲੋੜੀਂਦੀ ਗਿਣਤੀ ਵਿੱਚ ਦਿੱਤੀਆਂ ਜਾਣ ਤਾਂ ਮਨੁੱਖੀ ਜੀਵਨ ਗੰਦਗੀ ਨਾਲ ਜੂਝਦਾ ਹੋਇਆ ਮੌਤ ਦੇ ਮੂੰਹ ਵਿੱਚ ਕਿਉਂ ਜਾਵੇ।

ਸਰਕਾਰ ਚਾਹੇ ਤਾਂ ਇਸ ਲਈ ਵਿਸ਼ੇਸ਼ ਵਿਗਿਆਨੀ ਦਲ ਬਣਾ ਕੇ ਉਨ੍ਹਾਂ ਨੂੰ ਸਿਰਫ ਇਹੀ ਕੰਮ ਦਿੱਤਾ ਜਾਵੇ ਕਿ ਅਜਿਹੇ ਯੰਤਰ ਤਿਆਰ ਕਰਨ, ਜਿਸ ਨਾਲ ਨਾ ਕਿਸੇ ਮਨੁੱਖ ਨੂੰ ਸਿਰ ਉਤੇ ਮੈਲਾ ਢੋਣਾ ਪਵੇ, ਨਾ ਸੀਵਰੇਜ ਤੇ ਸੈਪਟਿਕ ਟੈਂਕਾਂ ਦੀ ਸਫਾਈ ਕਰਦਿਆਂ ਮੌਤ ਦੇ ਮੂੰਹ ਵਿੱਚ ਜਾਣਾ ਪਵੇ ਅਤੇ ਦੇਸ਼ ਵੀ ਸਾਫ ਸੁਥਰਾ ਰਹੇ। ਸਰਕਾਰਾਂ ਦਰਿਆਦਿਲੀ ਦਿਖਾਉਂਦਿਆਂ ਕੁਝ ਸ਼ਹਿਰਾਂ ਨੂੰ ਸਮਾਰਟ ਸਿਟੀ ਬਣਾਉਣ ਦੇ ਐਲਾਨ ਕਰ ਰਹੀਆਂ ਹਨ, ਜਿਸ ਲਈ ਅਰਬਾਂ ਰੁਪਏ ਦਿੱਤੇ ਜਾਂਦੇ ਹਨ। ਇਸ ਦੇ ਬਾਵਜੂਦ ਅਸੀਂ ਆਮ ਆਦਮੀ ਠੱਗੇ ਜਿਹੇ ਮਹਿਸੂਸ ਕਰਦੇ ਹਾਂ। ਕੀ ਇਹ ਉਚਿਤ ਨਹੀਂ ਕਿ ਪਹਿਲਾਂ ਦੇਸ਼ ਵਿੱਚ ਸਮਾਰਟ ਸੈਨੀਟੇਸ਼ਨ ਪ੍ਰਬੰਧ ਕੀਤਾ ਜਾਵੇ। ਉਸ ਮਗਰੋਂ ਸਮਾਰਟ ਸਿਟੀ ਬਣਾਉਣ ਬਾਰੇ ਸੋਚਿਆ ਜਾਵੇ।

ਕਹਾਣੀ

# ਉਡੀਕ

-ਕਿਰਪਾਲ ਕਜ਼ਾਕ

ਮੌਤ ਗੁਰੋ ਦੇ ਇਰਦ ਗਿਰਦ ਸੀ, ਪਰ ਦਿੱਸ ਨਹੀਂ ਸੀ ਰਹੀ।

ਟੱਬਰ ਉਸ ਘੜੀ ਨੂੰ ਸਹਿਕ ਰਿਹਾ ਸੀ। ਘਰ ਦੇ ਸਾਰੇ ਕੰਮ ਕਾਜ ਅਟਕੇ ਪਏ ਸਨ। ਹਰ ਕੋਈ ਸਾਹ ਸੂਤੀ ਖੜਾ ਸੀ।

'ਮਰਨਾ ਕੀਹਨੇ ਨਹੀਂ? ਵਕਤ ਆ ਗਿਆ ਤਾਂ ਬੰਦਾ ਤੁਰਦਾ ਹੋਵੇ। ਉਡੀਕ ਕੀਹਦੀ? ਚੁਟਕੀ 'ਚ ਫੁੜਕਦੈ ਕੋਈ ਕਰਮਾਂ ਵਾਲਾ। ਰੀਂਗ ਕੇ ਮਰਨਾ ਕੋਈ ਮਰਨੈਂ?' ਖਬਰ ਲੈਣ ਆਏ ਗੱਲਾਂ ਕਰਦੇ।

'ਮਰੀ ਤਾਂ ਕੇਸਰੋ। ਦੇਵਤਿਆਂ ਦੀ ਮੌਤ। ਜਾਂ ਕੰਬੋਆਂ ਕਾ ਸੁੰਦਰ ਸਿਹੁੰ। ਇਕ ਰਾਤ ਟੱਬਰ ਉਠਾਇਆ। ਹੱਥ ਜੋੜੇ। ਚੰਗਾ ਭਾਈ ਸਭ ਨੂੰ ਸੱਸਰੀਕਾਲ। ਨਦੀ ਨਾਮ ਸੰਜੋਗੀ ਮੇਲੇ। ਟੱਬਰ ਕਿਹਾ, ਦੇਖ ਕੀ ਝੱਲ ਖਲਾਰਦੀ ਐ ਅੱਧੀ ਰਾਤ। ਸਵੇਰੇ ਉਠੇ ਤਾਂ ਦੇਖਣ। ਉਡ ਗਿਆ ਭੌਰ। ਤੇ ਸੁੰਦਰ ਸਿਹੁੰ, ਰੱਜ ਕੇ ਕੁੱਤਾ ਬੰਦਾ। ਬਾਹਰੋਂ ਆਇਆ। ਬਹੂ ਨੂੰ ਕਹਿੰਦਾ, ਪੁੱਤ ਕੜਾਹ ਮਿਲੂ ਭੋਰਾ? ਬਹੂ ਕਿਹਾ, ਨਾ ਤਿੱਥ ਨਾ ਤਿਉਹਾਰ, ਬਾਪੂ ਜੀ ਕਮਲੇ ਤਾਂ ਨਹੀਂ ਹੋ ਗਏ? ਕਹਿੰਦਾ, ਚਲੋ ਫਿਰ ਮਰੇ 'ਤੇ ਹੀ ਖਾ ਲਿਉ। ਉਹੋ ਗੱਲ ਹੋਈ। ਵੱਡਾ ਕੀਤਾ। ਪੂਰੀ ਬਿਰਾਦਰੀ ਨੇ ਛਕਿਆ। ਸਹੁਰੀਏ! ਕੁਣਕਾ ਈ ਸੀ, ਸੁਤ੍ਹਾ ਤਾਂ ਨਾ ਭਟਕਣ ਦਿੰਦੀ ਵਿਚਾਰੇ ਦੀ।' ਲੋਕ ਕਹਾਣੀਆਂ ਛੋਹ ਲੈਂਦੇ।

'ਸੁੱਚਾ ਸਿਹਾਂ। ਸੌ ਨੂੰ ਟੱਪ ਗਈ ਹੋਊ ਬੇਬੇ।' ਕੋਈ ਪੁੱਛਦਾ।

'ਕਾਹਨੂੰ ਪਲੇਗ ਪੈਣ ਵੇਲੇ ਦੀ ਐ। ਸਾਲ ਤਾਂ ਪਤਾ ਨਹੀਂ।'

ਸੁੱਚਾ ਸਿਹੁੰ ਨੂੰ ਵੀ ਮਾਂ ਨੇ ਦੱਸਿਆ ਸੀ, 'ਓਸ ਸਾਲ ਚੂਹਿਆਂ ਤੋਂ ਪਈ ਬਮਾਰੀ। ਬੰਦਾ ਤੁਰਿਆ ਜਾਂਦਾ ਮੁੱਕ ਜਾਂਦਾ। ਮੈਨੂੰ ਨਕਰਮੀ ਨੂੰ ਰੱਬ ਰੱਖ ਲਿਆ। ਤਦੇ ਤਾਂ ਨਾਂ ਪਿਆ ਗੁਰਾਂ ਦੇਈ।'

ਰੱਬ ਦੇ ਰੱਖ ਲੈਣ ਵਾਲੀ ਗੱਲ ਸੱਚੀ ਸੀ। ਗੁਰਾਂ ਨੂੰ ਹਰ ਦਿਨ ਨਵਾਂ ਵਾਰ ਆਇਆ। ਜਵਾਨ ਹੋਈ। ਉਚਾ ਲੰਮਾ ਕੱਦ। ਭਰਵੀਂ ਡੀਲ ਡੌਲ। ਲਹਿਣਾ ਸਿਹੁੰ ਨਾਲ ਵਿਆਹੀ ਗਈ। ਬਾਰਾਂ ਵਿੱਚ ਮੁਰੱਬੇ ਅਲਾਟ ਹੋਏ ਤਾਂ ਸਾਂਦਲ ਬਾਰ ਜਾ ਕੇ ਵੱਸ ਗਏ। ਜੜ੍ਹਾਂ ਵੀ ਨਹੀਂ ਸੀ ਲੱਗੀਆਂ ਕਿ ਹੱਲੇ ਪੈ ਗਏ।

ਹੱਲੇ ਕੀ ਪਏ, ਪਰਲੋ ਆ ਗਈ..। ਪਤੀ ਤੇ ਮਾਪੇ ਹੱਲੇ ਨਿਗਲ ਗਏ। ਦੋ ਪੁੱਤਾਂ ਨੂੰ ਖੰਭਾਂ ਹੇਠ ਲਈ ਏਧਰ ਆ ਗਈ। ਇਕੱਲੀ ਕਾਰੀ ਤੀਵੀਂ ਤੇ ਹੋਣੀ ਨਾਲ ਮੱਥਾ। ਦੋ ਪੁੱਤਾਂ ਨਾਲ ਲੱਕ ਬੰਨ੍ਹ ਲਿਆ ਗੁਰਾਂਦੇਈ। ਉਹ ਦਿਨ ਯਾਦ ਕਰਦਿਆਂ ਅੱਜ ਵੀ ਸੁੱਚਾ ਤੇ ਨੰਜਾ ਅੱਖਾਂ ਭਰ ਲੈਂਦੇ। ਬੇਬੇ ਕਿਵੇਂ ਸ਼ਰੀਕਾਂ ਹੇਠੋਂ ਸਿਆੜ ਕਢਾਏ। ਦਿਨ ਰਾਤ ਇਕ ਕੀਤਾ। ਮੁੜ੍ਹਕਾ ਡੋਲ੍ਹਿਆ। ਰਫਲ ਲਈ। ਪੰਚਾਇਤਾਂ ਵਿੱਚ ਬੈਠੀ। ਠਾਣੇ ਠਪਾਣੇ ਗਈ। ਸ਼ਰਾਬ ਕੱਢੀ। ਪਿਆਈ। ਵੇਚੀ। ਹਿੱਕ ਠੋਕ ਕੇ। ਜਬ੍ਹਾ ਕਾਇਮ ਕੀਤਾ। ਪੁੱਤ ਵਿਆਹੇ। ਸੁੱਚੇ ਲਈ ਚੱਠਿਆਂ ਤੋਂ ਚਿੰਤ ਕੁਰ ਤੇ ਨੰਜੇ ਲਈ ਵਿਰਕਾਂ ਦੀ ਰਾਜਵੰਤ ਵਿਆਹ ਕੇ ਲਿਆਂਦੀ। ਪੁੱਤਾਂ ਨੂੰਹਾਂ ਵੀ ਰੱਖ ਵਿਖਾਈ। ਸੁੱਚੇ ਵਾਹੀ ਓਟ ਲਈ। ਨੰਜੇ ਆੜ੍ਹਤ। ਦੌਲਤ ਪੈਰਾਂ ਨਾਲ ਆਈ। ਵੇਲ ਵਧੀ। ਅੱਜ ਸੁੱਚੇ ਦੇ ਨੀਤੂ ਤੇ ਗੁੱਲੂ ਸਨ। ਨੰਜੇ ਦੀਆਂ ਲਾਲ੍ਹੀ ਤੇ ਰਿੰਪੀ ਧੀਆਂ ਤੇ ਪੁੱਤ ਬੱਬੂ। ਸਭ ਕਾਲਜਾਂ ਵਿੱਚ ਪੜ੍ਹਦੇ। ਪੁੱਜਦਾ ਘਰ। ਕੋਈ ਚਿੜੀਆਂ ਦਾ ਦੁੱਧ ਮੰਗਦਾ, ਹਾਜ਼ਰ ਕਰਨ ਦੇ ਸਮਰੱਥ।

ਅਚਾਨਕ ਗੁਰਾਂਦੇਈ ਦੀ ਲਟਕੀ ਮੌਤ ਨੇ ਸਭ ਜੜ੍ਹ ਕਰਕੇ ਰੱਖ ਦਿੱਤਾ।

ਹਵਾ, ਸਾਹ, ਧੜਕਣ, ਗੁਰੋ ਦਾ ਨਹੀਂ, ਟੱਬਰ ਦਾ ਰੁਕਿਆ ਖੜ੍ਹਾ ਸੀ। ਉਚੀ ਹੱਸਣਾ ਨਹੀਂ, ਕੀ ਪਤਾ ਕਦੋਂ ਕੋਈ ਖਬਰ ਲੈਣ ਆ ਜਾਵੇ। ਆਏ ਨੂੰ ਉਦਾਸ ਮਿਲੋ। ਹਉਕਾ ਲਵੋ। ਹੌਲੀ ਬੋਲੋ। ਕਹਾਣੀਆਂ ਸ਼ੁਰੂ। ਕਦੋਂ ਬੋਲੀ। ਕੀ ਖਾਧਾ? ਕਦੋਂ ਖਾਧਾ? ਪਛਾਣਦੀ ਐ ਕਿ ਨਹੀਂ? ਹੱਥ ਪੈਰ ਕਿਵੇਂ ਨੇ? ਠੰਢੇ ਕਿ ਗਰਮ? ਦਵਾਦਾਰੂ ਚਲਦੈ ਕਿ ਬੰਦ? ਆਪਦੀ ਕਿਰਿਆ ਕਿਉਂਟਦੀ ਏ ਕਿ ਨਹੀਂ? ਜੇ ਨਹੀਂ ਤਾਂ ਕੌਣ ਕਰਦੈ ਸੇਵਾ? ਚਿੰਤ ਕੁਰ ਜਾਂ ਰਾਜਵੰਤ?' ਨਸੀਹਤਾਂ ਦਾ ਮੀਂਹ ਵਰ੍ਹਦਾ 'ਮਰਦੇ ਦੀ ਸੇਵਾ ਤੁਰੰਤ ਮਿਲਦੈ ਮੇਵਾ ਭਾਈ। ਗੰਗਾ ਜਲ ਮੰਗਵਾ ਲਿਆ? ਤੁਰੰਤ ਨਹੀਂ ਲੱਭਦਾ ਕੁਝ। ਗੁਟਕੇ ਮੰਗਵਾਉ ਪੰਜ ਸੱਤ। ਜਿਵੇਂ ਘੋਰੜੂ ਵੱਜੇ, ਬਾਣੀ ਪੜ੍ਹੋ ਕੰਨਾਂ 'ਚ। ਭੁੱਲ ਕੇ ਸਰ੍ਹਾਣੇ ਨਾ ਖੜੋ। ਮਰਦੇ ਦੀ ਸੁਰ੍ਹਾ ਜਾਂਦੀ ਐ ਖੜੇ ਬੰਦੇ 'ਚ।'

ਮੌਤ ਲਟਕ ਗੀ ਤਾਂ ਨਸੀਹਤਾਂ ਬਦਲੀਆਂ, 'ਚਾਕੂ ਛੁਰੀ ਨਹੀਂ ਪਈ ਮੰਜੇ 'ਤੇ? ਲੋਹੇ ਤੋਂ ਬਹੁਤ ਡਰਦੇ ਐ ਫਰੇਸਤੇ। ਐਵੇਂ ਲਟਕਿਆਂ ਰਹਿੰਦੈ ਬੰਦਾ। ਕਿਸੇ ਨੂੰ ਮਿਲਣ ਦੀ ਭਾਖਿਆ ਨਹੀਂ ਕੱਢੀ ਮੂੰਹੋਂ? ਕੱਢੀ ਐ ਤਾਂ ਤੁਰੰਤ ਬੁਲਾਓ ਬੰਦਾ। ਏਹੋ ਜਹੇ ਦੀ ਵਾਜ ਕੰਨੀ ਪਈ ਨਹੀਂ ਤੇ ਜਾਨ ਨਿਕਲੀ ਨਹੀਂ। ਬੂਹੇ ਨਾ ਬੰਦ ਕਰਿਉ ਭੁੱਲ ਕੇ ਵੀ..ਦੂਹੋ-ਦੂਹ ਆਉਂਦੇ ਐ ਜਮਦੂਤ..' ਜਿੰਨੇ ਮੂੰਹ ਓਨੀਆਂ ਗੱਲਾਂ। ਸੁਣ-ਸੁਣ ਟੱਬਰ ਕੰਬਦਾ। ਪੁੱਤਰ ਬਾਹਰ ਗਏ ਬਿੰਦੇ-ਬਿੰਦੇ ਗੇੜਾ ਮਾਰਦੇ। ਨਾ ਜਾਣੀਏਂ ਕਦ ਲੋੜ ਪੈ ਜਾਵੇ। ਨੰਜੇ ਯੂ ਪੀ ਤੋਂ ਬੀਅ ਲੈਣ ਜਾਣਾ ਸੀ। ਸੁੱਚੇ ਨੀਤੂ ਦਾ ਸਾਹਾ ਕਢਾਉਣਾ ਸੀ, ਨਹੀਂ ਗਏ। ਟੱਬਰ ਸੁੱਤਾ ਪਿਆ ਵੀ ਜਾਗਦਾ ਰਹਿੰਦਾ। ਨੂੰਹਾਂ ਤਾਂ ਜਾਗਣ ਦੀ ਵਾਰੀ ਬੰਨ੍ਹ ਲਈ।

ਮੌਤ ਸੀ ਕਿ ਦਸਤਕ ਹੀ ਨਹੀਂ ਸੀ ਦੇ ਰਹੀ..।

ਸਭ ਤੋਂ ਵੱਡੀ ਚਿੰਤਾ ਗੁਰੋ ਦੇ ਹਾਲ ਪਰ੍ਹਿਆ ਨਾ ਕਰਨ ਦੀ ਸੀ। ਗੁੰਮਸੁੰਮ ਪਈ ਸੀ। ਕਦੇ ਹਾਜਤ ਵੇਲੇ ਅੱਖ ਪੱਟਦੀ। ਸਹਾਰੇ ਨਾਲ ਬੈਠਦੀ। ਅੱਖਾਂ ਦੇ ਡੂੰਘੇ ਕੋਇਆਂ ਵਿੱਚੋਂ ਗਰਕੀ ਵੱਲ ਝਾਕਦੀ। ਮਦਦ ਨਾਲ ਕਿਰਿਆ ਸਾਧਦੀ ਤੇ ਮੰਜੀ 'ਤੇ ਪੈਂਦੀ ਗੁੰਮ। ਕੋਈ ਦੋ ਚਮਚ ਦਲੀਆ ਅੰਦਰ ਲੰਘਾਉਂਦਾ ਤਾਂ ਨਿਗਲਦੀ, ਨਹੀਂ ਦਾਣਾ ਪਾਣੀ ਖਤਮ। ਡਰ ਉਦੋਂ ਲੱਗਦਾ ਜਦੋਂ ਅੱਖਾਂ ਦੇ ਡੂੰਘੇ ਕੋਇਆਂ ਵਿੱਚੋਂ ਅਪਲਕ ਝਾਕਦੀ ਲਗਾਤਾਰ। ਸੂਏ ਚੁਭਣ ਲੱਗਦੈ। ਅੱਖਾਂ ਸੁੰਗੜਦੀਆਂ ਤਾਂ ਲੱਗਦਾ, ਗਈ। ਅਚਾਨਕ ਹੱਥ ਕੰਬਦੇ। ਬੁੱਲ੍ਹ ਫਰਕਦੇ। ਬੁੱਲ੍ਹਾਂ ਵਿੱਚ ਤੜਫਦੇ ਬੋਲ, ਪਹਿਲਾਂ ਸਹਿਕਦੇ, ਫਿਰ ਮਰਦੇ, ਹਿਰਦੇ ਵਾਢ੍ਹ ਪਾਉਂਦੇ। ਇਹ ਉਹੋ ਗੁਰੋ ਸੀ ਜੀਹਦੇ ਬੋਲ ਮਿਰਦੰਗ ਵਾਂਗ ਗੂੰਜਦੇ ਸਨ। ਟੱਬਰ ਜਾਚੇ ਇਹਦੀ ਉਹ ਆਪ ਜ਼ਿੰਮੇਵਾਰ ਸੀ..।

ਸਭ ਨੇ ਹੱਥ ਜੋੜੇ। ਤਰਲੇ ਲਏ। ਮਿੰਨਤਾਂ ਕੀਤੀਆਂ। ਵਾਸਤੇ ਦਿੱਤੇ। ਬਈ ਰੱਬ ਦਾ ਵਾਸਤਾ ਜਦ ਵੀਹ ਸਾਲਾਂ ਤੋਂ ਪੁੱਤਾਂ ਘਰ ਦਾ ਸੀਧਾ ਚੱਕ ਲਿਆ ਤਾਂ ਨਿੱਕੀ-ਨਿੱਕੀ ਗੱਲ ਵਿੱਚ ਦਖਲ ਕਿਉਂ? ਜ਼ਮਾਨਾ ਬਦਲ ਗਿਆ। ਉਮਰ ਨੱਬਿਆਂ ਨੂੰ ਜਾ ਚੁੱਕੀ। ਡੰਗੋਰੀ ਫੜੋ ਤੇ ਅਗਲਿਆਂ ਨਾਲ ਕਰੋ ਗੱਲਾਂ। ਛੱਡੋ ਮੋਹ ਮਾਇਆ। ਪਰ ਬੇਬੇ ਡੰਗੋਰੀ ਫੜਨ ਲਈ ਤਿਆਰ ਹੀ ਨਹੀਂ ਸੀ।

'ਜਦ ਨੈਣ ਪ੍ਰਾਣ ਚਲਦੇ ਐ ਤਾਂ ਡੰਗੋਰੀ ਦੀ ਮੁਹਤਾਜੀ ਕਿਉਂ?' ਏਧਰ ਆ ਕੇ ਗੁਰੋ ਨੇ ਵੀਹ ਸਾਲ ਫਸਲ ਬੀਜੀ। ਵੱਢੀ। ਗਾਹੀ। ਵੇਚੀ। ਲਿਆਰੀਆਂ ਨਾਲ ਖੁਰਲੀਆਂ ਭਰ ਦਿੱਤੀਆਂ। ਅਨਾਜ ਨਾਲ ਭੜੋਲੇ ਤੁਸ ਦਿੱਤੇ। ਹੁਣ ਜਿਹੜਾ ਟੱਬਰ ਡਾਲਡਾ ਤੇ ਸਬਜ਼ੀ ਮੁੱਲ ਲੈ ਕੇ ਖਾਂਦਾ ਸੀ, ਉਹ ਮੱਤਾਂ ਦੇ ਰਿਹਾ ਸੀ।

ਪੋਤੇ ਪੋਤੀਆਂ ਨੂੰ ਲੱਗਦਾ, ਸਮਾਂ ਉਡ ਰਿਹਾ ਸੀ, ਦਾਦੀ ਰੀਂਗ ਰਹੀ ਸੀ। ਫਰਕ ਦਿਨ ਰਾਤ ਦਾ ਸੀ। ਪੁੱਤਾਂ ਲਈ ਇਕੋ ਰਾਹ ਸੀ ਬੇਬੇ ਨੂੰ ਬੂਹੇ ਦੀ ਚੌਧਰ ਦਿਉ, ਤੇ ਟੋਕਾ ਟਕਾਈ ਦਾ ਫਸਤਾ ਵੱਡੋ।

ਗੁਰਾਂ ਦੇਈ ਭਾਂਪ ਗਈ। ਘਰ ਵਿੱਚ ਉਹਦੇ ਲਈ ਕੋਈ ਥਾਂ ਨਹੀਂ। ਉਹ ਨਾ ਰੋਈ। ਨਾ ਬਖੇੜਾ ਕੀਤਾ। ਬੱਸ ਇਸ ਅਹਿਸਾਸ ਨਾਲ, ਉਹਨੇ ਸਾਰੀ ਸੱਤਿਆ ਦੇਹ ਵਿੱਚੋਂ ਰੱਤ ਮੁੱਕਣ ਵਾਂਗ ਕਤਰਾ-ਕਤਰਾ ਮੁੱਕਦੀ ਵੇਖੀ, ਮਹਿਸੂਸ ਕੀਤੀ ਅਤੇ ਕੁਝ ਦਿਨਾਂ ਵਿੱਚ ਹੀ ਕਈ ਵਰ੍ਹਿਆਂ ਦੀ ਅਉਧ ਹੰਢਾ ਕੇ ਬਿਰਧ ਹੋ ਗਈ।

ਕਈ ਦਿਨ ਮੰਜੇ ਤੋਂ ਹੀ ਨਾ ਉਠੀ। ਮੋਇਆਂ ਹਾਰ ਪਈ ਰਹੀ। ਸਵੇਰੇ ਸ਼ਾਹ ਮੰਜੇ 'ਤੇ ਹੀ ਰੋਟੀ ਪਾਣੀ ਮਿਲਣ ਲੱਗਾ। ਜੀਆਂ ਨਾਲ ਗੱਲ ਕਰਨ ਤੋਂ ਵੀ ਤਰਸ ਗਈ ਤਾਂ ਉਸ ਮੰਨ ਹੀ ਲਿਆ ਕਿ ਮੌਤ ਉਸ ਤੋਂ ਬਹੁਤੀ ਦੂਰ ਨਹੀਂ ਸੀ।

ਫਿਰ ਵੀ ਉਹ ਹੌਸਲੇ ਵਿੱਚ ਸੀ। ਡਿਉਢੀ ਵਿੱਚ ਮੰਜੇ 'ਤੇ ਪਈ ਹਰ ਅੰਦਰ ਬਾਹਰ ਵੜਦੇ ਲਈ ਅਸੀਸਾਂ ਦੀ ਝੜੀ ਲਾਈ ਰੱਖਦੀ। ਹਨੇਰ ਸਵੇਰੇ ਟੱਬਰ ਲਈ ਸੁੱਖਣਾ ਸੁੱਖਦੀ ਕੀੜੀਆਂ ਦੀਆਂ ਖੁੱਡਾਂ 'ਤੇ ਆਟਾ ਧੂੜਦੀ, ਕੀੜੀਆਂ ਨਾਲ ਹੀ ਗੱਲਾਂ ਕਰੀ ਜਾਂਦੀ। ਜਾਂ ਆਸਮਾਨ ਵੱਲ ਹੱਥ ਫੈਲਾਅ ਕੇ ਪਤਾ ਨਹੀਂ ਕੀ-ਕੀ ਮੰਗਦੀ ਰਹਿੰਦੀ।

ਪੋਤੇ ਪੋਤੀਆਂ ਟਿੱਚਰਾਂ ਕਰਦੇ। 'ਦਾਦੀ ਦੀਆਂ ਸਿੱਧੀਆਂ ਗੱਲੈਂ ਰੱਬ ਨਾਲ।' ਨੀਤੂ ਆਖਦੀ।

'ਮੈਂ ਤਾਂ ਇੰਗਲੈਂਡ ਦਾ ਵੀਜ਼ਾ ਲਵਾਊਂ ਰੱਬ ਤੋਂ, ਦਾਦੀ ਦੀ ਸਿਫਾਰਸ਼ ਨਾਲ।' ਰਿੰਪੀ ਆਖਦੀ।

ਸੁੱਚਾ ਤੇ ਨੰਜਾ ਵੱਖ ਬੇਬੇ ਨੂੰ ਹਟਕਦੇ, 'ਬੇਬੇ ਰੰਗ ਤਾਂ ਲੱਗੇ ਪਏ ਐ, ਹੋਰ ਕੀ ਚਾਹੀਦੈ ਜਿਹੜਾ ਆਟਾ ਡੋਲ੍ਹਦੀ ਫਿਰਦੀ ਐ ਖੁੱਡਾਂ 'ਤੇ..!'

ਗੁਰੋ ਨਾ ਹਟਣਾ ਸੀ, ਨਾ ਹਟੀ..। ਇਕ ਦਿਨ ਟਿੱਬੀ ਤੋਂ ਬਿੜਕ, ਕੰਗਰੋੜ ਦੇ ਮਣਕੇ ਹਿਲਾਅ ਕੇ ਮਹੀਨਿਆਂ ਲਈ ਤਖਤਪੋਸ਼ 'ਤੇ ਆ ਪਈ। ਜੀਹਦਾ ਡਰ ਸੀ ਉਹੋ ਹੋਇਆ। ਗਿੱਲਾ ਪੀਹਣਾ ਪੈ ਗਿਆ। ਬੜੇ ਇਲਾਜ ਕਰਾਏ। ਕਦੇ ਹੇਠਲਾ ਹਿੱਸਾ ਸੁੰਨ। ਕਦੇ ਮੱਖੀ ਦੀ ਵੀ ਕਾਣਤ ਮੰਨਦੀ। ਕਦੇ ਪਿਸ਼ਾਬ ਨਾਲ ਬਿਸਤਰ ਭਿੱਜ ਜਾਂਦਾ।

ਇਕ ਦਿਨ ਤਪੀ ਹੋਈ ਨੀਤੂ ਆਈ। 'ਦਾਦੀ ਆਪਦੇ ਰੱਬ ਨੂੰ ਕਹਿ ਲੈ ਕਿ ਤੁਰਦਾ ਹੋਵੇ। ਤੇਰੇ ਲਈ ਨਹੀਂ ਰਿਹਾ ਕੋਈ ਨਰਕ ਸਵਰਗ?'

ਨੀਤੂ ਇਕ ਤਰ੍ਹਾਂ ਚੀਕੀ ਸੀ। ਗੁਰੋ ਅੱਖਾਂ ਤਾਂ ਪੱਟੀਆਂ। ਬੁੱਲ੍ਹ ਵੀ ਹਿੱਲੇ..ਪਰ ਕੁਝ



ਕਹਿ ਨਾ ਸਕੀ। ਉਸੇ ਤ੍ਰਕਾਲ ਗੁਰੋ ਦੀਆਂ ਅੱਖਾਂ ਤਾੜੇ ਲੱਗ ਗਈਆਂ। ਟੱਬਰ ਦੀ ਭੁੱਬ ਨਿਕਲ ਗਈ।

'ਸ਼ਰਮ ਨਹੀਂ ਆਈ ਇਤਨੀ ਗੱਲ ਆਖਦੇ?' ਮਾਂ ਕਲਪੀ।

'ਮਰੇ ਕਹੇ ਮਰ ਤਾਂ ਨਹੀਂ ਗਈ। ਬਹੁਤਾ ਹੈਜ ਐ ਤਾਂ ਮੰਮੀ ਬਣਾ ਕੇ ਰੱਖ ਲਉ ਘਰੇ।' ਨੀਤੂ ਦਾ ਸਬਰ ਟੁੱਟ ਗਿਆ। ਅਸਲ 'ਚ ਗੁਰੋ ਦੇ ਸਾਹਾਂ 'ਚ ਨੀਤੂ ਦੇ ਵਿਆਹ ਦਾ ਸਾਹਾ ਅਟਕਿਆ ਪਿਆ ਸੀ।

ਇਕ ਦਿਨ ਗੁੱਲੂ ਨੇ ਕਿਹਾ, 'ਮੈਂ ਤਾਂ ਕਹਿੰਨਾ ਹਸਪਤਾਲ ਦਾਖਲ ਕਰਾਓ ਪਰ੍ਹਾਂ। ਨਾਲੇ ਲੋਕ ਨਹੀਂ ਕਹਿਣਗੇ, ਦਵਾਈ ਖੁਣੋ ਮਾਰਤੀ ਬੁੜ੍ਹੀ।'

ਸੁੱਚਾ ਤੇ ਨੰਜਾ ਹਸਪਤਾਲ ਲਈ ਰਾਜ਼ੀ ਨਾ ਹੋਏ। ਅਵੇਸਲੇ ਜ਼ਰੂਰ ਹੋਗੇ। ਅਵੇਸਲੇ ਹੋਣ ਦਾ ਇਕ ਕਾਰਨ ਇਹ ਸੀ ਕਿ ਪਿਛਲੇ ਦਿਨਾਂ ਵਿੱਚ ਜਿਤਨੀ ਵੇਰੀਂ ਬੇਬੇ ਹੋਸ਼ ਵਿੱਚ ਆਈ, ਨਾ ਉਸ ਹਾਲ ਪਾਰ੍ਹਿਆ ਕੀਤੀ, ਨਾ ਕੁਝ ਮੰ-ਗਿਆ। ਬਸ ਅਪਲਕ ਦੇਖਦੀ ਰਹਿੰਦੀ। ਅੱਖਾਂ ਵਿੱਚ ਅੱਥਰੂ ਭਰਦੀ। ਬੁੱਲ੍ਹਾਂ ਵਿੱਚ ਕੁਝ ਬੁਦਬੁਦਾਉਂਦੀ ਅਤੇ ਇਸ ਤਰ੍ਹਾਂ ਮੱਥਾ ਤਣਦੀ ਜਿਵੇਂ ਕਿਸੇ ਅਕਹਿ ਪੀੜ ਵਿੱਚੋਂ ਲੰਘ ਰਹੀ ਹੋਵੇ। ਅੱਜ ਅਜਿਹੀ ਗੱਲ ਦਾ ਕੋਈ ਕੀ ਫਿਕਰ ਕਰੇ?' ਵੱਧ ਤੋਂ ਵੱਧ ਬੁੱਲ੍ਹ ਫਰਕਦੇ। ਅੱਖਾਂ 'ਚੋਂ ਪਾਣੀ ਸਿੰਮਦਾ। ਅਪਲਕ ਦੇਖੀ ਜਾਣਾ। ਭਾਣਹੀਣ। ਨਿਰਛਲ। ਨਿਰਵਿਕਾਰ।

ਇਸ ਲਈ ਕਈ ਦਿਨਾਂ ਤੋਂ ਟੱਬਰ ਬੇਫਿਕਰ ਸੌਂ ਰਿਹਾ ਸੀ। ਕੋਈ ਪਹਿਲਾਂ ਉਠਣ ਵਾਲਾ ਨਬਜ਼ ਟੋਂਹਦਾ। ਨੱਕ ਦੇ ਸਵੱਰ ਤੋਂ ਤਸੱਲੀ ਕਰਦਾ। 'ਹੈਗੀ ਐ' ਕਹਿ ਕੇ ਕੰਮ ਲੱਗ ਜਾਂਦਾ।

ਅਚਾਨਕ ਗਜ਼ਬ ਹੋ ਗਿਆ। ਇਕ ਸਵੇਰ ਗੁਰੋ ਦੇਖਦੇ ਚੀਕ ਮਾਰੀ। ਬੇਬੇ ਮੰਜੇ ਤੋਂ ਡਿੱਗੀ ਪਈ ਸੀ।

ਖੇਲ੍ਹ ਖਤਮ। ਅੱਖ ਦੇ ਫੋਰ 'ਚ ਟੱਬਰ ਉਠ ਖੜ੍ਹਿਆ। ਨੂੰਹਾਂ ਰੋਣ ਲੱਗੀਆਂ ਤਾਂ ਸੁੱਚੇ ਹਟਕਿਆ।

'ਰੁਕੋ! ਪਹਿਲਾਂ ਟਾਈਮ ਦੇਖੋ ਕੀ ਐ?'

'ਚਾਰ।' ਕਿਸੇ ਕਿਹਾ।

'ਪਹਿਲਾਂ ਬਿਸਤਰ ਬਦਲੋ ਛੇਤੀ..ਨਾਲ ਬੇਬੇ ਦੇ ਕੱਪੜੇ ਵੀ।' ਉਸ ਪਤਨੀ ਨੂੰ ਕਿਹਾ। 'ਰਾਜਵੰਤ ਨੂੰ ਬੇਬੇ ਕੋਲ ਬਿਠਾਅ। ਕੁੜੀਆਂ ਨੂੰ ਚਾਹ ਪਾਣੀ ਪਿਆ ਤੇ ਬਿਸਤਰੇ ਚੁੱਕ ਸਾਰੇ। ਤੁਸੀਂ ਨਾਲ ਚੱਲੋ ਮੇਰੇ।' ਉਹਨੇ ਨੰਜੇ, ਗੁੱਲੂ ਤੇ ਬੱਬੂ ਨੂੰ ਕਿਹਾ। ਉਹ ਸੁਫੇ 'ਚ ਆ ਰਹੇ।

'ਤੂੰ ਮੰਡੀ ਨੂੰ ਕਰ ਖਿੱਟ, ਲੱਕੜ ਬਾਲਣ ਦਾ ਕਰ ਇੰਤਜ਼ਾਮ।' ਉਸ ਨੰਜੇ ਨੂੰ ਕਿਹਾ। 'ਤੂੰ ਸਮੱਗਰੀ ਲਿਖ ਸਾਰੀ। ਖੱਫਣ, ਚੰਦਨ, ਘਿਉ, ਬਾਕੀ ਨਿੱਕ ਸੁੱਕ।

ਅਚਾਨਕ ਚਿੰਤ ਕੁਰ ਆ ਖੜੀ, 'ਕੌਣ ਜਾਊ ਮੰਡੀ?'

'ਕਿਉਂ?'

'ਬੇਬੇ ਲਈ ਚੁੰਨੀ ਚਾਹੀਦੀ ਐ ਚਿੱਟੀ, ਵਧੀਆ। ਇਕ ਵੱਖਰੀ ਮੇਰੇ ਲਈ ਵੀ..।'

'ਦੇਖੋ ਇਹਦੀ ਅਕਲ..ਪਹਿਲਾਂ ਤੈਨੂੰ ਹੀ ਨਾ ਫੂਕ ਲਈਏ? ਖੱਫਣ ਨਾਲ ਘਰ ਦਾ ਕੱਪੜ ਵੀ ਖਰੀਦੇਂਗੀ?'

'ਮੇਰੇ ਕੋਲ ਹੈ ਨਹੀਂ ਕੋਈ ਚੱਜ ਦੀ..'

'ਏ ਜਾਹ ਤੂੰ ਕੰਮ ਕਰ ਮੂਰਖ ਕਿਸੇ ਥਾਂ ਦੀ..। ਹਾਂ ਤਾਂ ਬੱਬੂ, ਤੂੰ ਜਾਹ ਪੁੱਤ ਆਪਣੇ ਤੇ ਗੁੱਲੂ ਦੇ ਨਾਨਕੇ। ਬਾਅਦ ਦੁਪਹਿਰ ਦਾ ਕਹਿ ਸਸਕਾਰ ਦਾ..ਗੁੱਲੂ ਤੂੰ ਸਾਮਾਨ ਲਿਖ..।'

'ਦੱਸੋ ਤੁਸੀਂ, ਲਿਖਣ ਨੂੰ ਕੀ ਐ।'

'ਭਾਈ ਨੂੰ ਅਰਦਾਸ ਲਈ ਕਹਿਣੈ। ਪਾਣੀ ਦਾ ਟੱਬ ਵਿਹੜੇ ਵਿੱਚ ਤੇ ਵੀਹ ਕਿਲੋ ਦੁੱਧ ਡੇਅਰੀ ਤੋਂ। ਧੀਰੂ ਨੂੰ ਕਹਿਣੈ, ਚਾਹ ਬਣਦੀ ਰਹੇ। ਨੰਜਾ ਸਿਹਾਂ ਇਕ ਗੱਲ ਤਾਂ ਭੁੱਲ ਹੀ ਗਿਆ। ਬਬਾਣ ਸਜਾਉਣ ਲਈ ਕਾਗਤੀ, ਫੁੱਲ, ਲੜੀਆਂ, ਭੁਕਾਨੇ। ਪਤਾਸੇ, ਮੂੰਗਫਲੀਆਂ, ਸਿਵਿਆਂ 'ਚ ਵੰਡਣ ਲਈ।'

'ਪੈਸੇ ਬਦਾਮ ਛੁਹਾਰੇ ਨਹੀਂ ਸਿੱਟੋਗੇ ਬਬਾਣ ਤੋਂ?' ਬੂੱਬ ਯਾਦ ਕਰਵ-ਾਇਆ।

'ਓ ਹਾਂ, ਇਹ ਭੁੱਲ ਗਏ। ਹੋਰ ਕਰੋ ਯਾਦ। ਦੇਖਿਆ ਨਹੀਂ ਸੀ, ਦੁਆਬੀਆਂ ਕੀ ਬੁੜ੍ਹੀ ਵੇਲੇ ਕੀ ਜਲੂਸ ਨਿਕਲਿਆ।' ਚਿੰਤ ਕੁਰ ਫਿਰ ਆ ਖੜੀ, 'ਨੀਤੂ ਕੇ ਸਹੁਰਿਆਂ ਨੂੰ ਸੱਦਣੈ।'

'ਦੇਖੋ ਇਸ ਤੀਵੀ ਦੀ ਮੱਤ? ਕੱਚੇ ਕੁਆਰੇ ਸਾਕਾਂ ਨੂੰ ਮਰਗਦਾ 'ਤੇ ਸੱਦੇਗੀ?'

'ਮੈਂ ਕਿਹਾ ਬੇਬੇ ਨੂੰ ਚਾਅ ਬੜਾ ਸੀ ਨੀਤੂ ਦੇ ਵਿਆਹ ਦਾ।' ਚਿੰਤ ਕੁਰ ਅੱਖਾਂ ਭਰ ਆਈ।

'ਫੁੱਲਾਂ ਦਾ ਵੀ ਸੋਚ ਲਉ।' ਨੰਜਾ ਆਖ ਰਿਹਾ ਸੀ।

'ਅੱਜ ਫੂਕਾਂਗੇ ਤਾਂ ਕੱਲ੍ਹ ਹੀ ਚੁਗਾਂਗੇ। ਹਾਂ ਇਕ ਗੱਲ, ਆਪਣੇ ਲਾਗੀ ਨੂੰ ਕਿਹੋ ਸਸਕਾਰ ਵੇਲੇ ਨੇੜੇ ਰਹੇ। ਲੋਈਆਂ, ਦੁਸ਼ਾਲੇ ਉਹਨੂੰ ਚੁਕਾਉ ਗਰੀਬ ਨੂੰ।'

'ਮੂੰਗਫਲੀ ਪਤਾਸੇ ਲਫਾਫਿਆਂ ਵਿੱਚ ਦੇਈਏ ਕੇ ਖੁੱਲ੍ਹੇ?'

'ਖੁੱਲ੍ਹੇ ਦਿਉ ਬੁੱਕ-ਬੁੱਕ।'

'ਮੂੰਗਫਲੀਆਂ 'ਚ ਪਤਾਸੇ ਪਾਈਏ ਕੇ ਬਦਾਨਾ?' ਬੱਬੂ ਕਿਹਾ।

'ਨਾ, ਨਾ, ਬਦਾਨਾ ਤਾਂ ਦਿੱਸਣਾ ਨਹੀਂ।'

'ਦੇਖੋ, ਮੈਂ ਬੈਠਦਾਂ ਬੇਬੇ ਕੋਲ। ਗੁੱਲੂ ਲਿਆਉ ਦਰੀਆਂ ਗੁਰਦੁਆਰਿਉਂ।'

ਸਭ ਨੂੰ ਤੋਰ ਕੇ ਸੁੱਚਾ ਸਿਹੁੰ ਇਕ ਵਾਰ ਘਰ ਵਿੱਚ ਫਿਰ ਕੇ ਚੁਫੇਰੇ ਤਰਦੀ ਜਿਹੀ ਨਿਗਾਹ ਮਾਰੀ। ਸਭ ਕੁਝ ਥਾਂ ਸਿਰ ਸੀ। ਹਨੇਰੇ ਵਿੱਚ ਚਾਨਣ ਦੀਆਂ ਪਰਤਾਂ ਘੁਲ ਰਹੀਆਂ ਸਨ। ਰਾਜਵੰਤ ਉਵੇਂ ਬੇਬੇ ਦੀ ਪੁਆਂਦੀ ਉਧੀ ਪਾਈ ਬੈਠੀ ਸੀ। ਸੋਚ ਰਹੀ ਸੀ। ਸੱਸ ਨੇ ਧੀਆਂ ਤੋਂ ਵੱਧ ਰੱਕਿਆ ਅੱਜ ਸਾਥ ਛੱਡ ਗਈ।

ਸੁੱਚੇ ਕੁੜੀਆਂ ਨੂੰ ਬਾਹਰ ਬੈਠਕ 'ਚ ਜਾਣ ਨੂੰ ਕਿਹਾ। ਰਾਜਵੰਤ ਨੂੰ ਵੀ ਕਿਹਾ, ਉਹ ਜਾਵੇ ਤੇ ਭੁੰਜੇ ਵਿਛਾਉਣ ਲਈ ਕੁਝ ਲਿਆਵੇ। ਆਪ ਬੇਬੇ ਦੀ ਪੁਆਂਦੀ ਬੈਠ ਗਿਆ।

ਬੇਬੇ ਨਾਲ ਅੱਧੀ ਸਦੀ ਦਾ ਸਾਥ ਸੀ। ਮਨ ਅੰਦਰ ਖੋਹ ਪਈ। ਇਕੋ ਦੁੱਖ ਹੋਇਆ। ਪੋਤੇ ਪੋਤੀਆਂ ਨੂੰ ਬੇਬੇ ਰਾਸ ਕਿਉਂ ਨਾ ਆਈ। ਦਿਲ ਕੀਤਾ, ਜਾਂਦੀ ਵਾਰ ਮਾਂ ਦਾ ਮੂੰਹ ਦੇਖ ਲਵੇ। ਜਦੋਂ ਉਹ ਉਠਿਆ ਡਾਡ ਮਾਰ ਕੇ ਡਿੱਗਦਾ-ਡਿੱਗਦਾ ਬਚਿਆ। ਵਿਹੜੇ 'ਚ ਖੜ ਕੇ ਉਚੀ ਪੁੱਛਿਆ, 'ਬੇਬੇ ਦਾ ਪਾਸਾ ਕਿਸ ਪਰਤਿਆ?'

'ਕਿਸੇ ਨਹੀਂ।' ਸਭ ਅਵਾਕ ਖੜੇ ਸਨ।

'ਰੋਕੋ ਸਭ ਨੂੰ..।' ਉਹ ਹਨੇਰੀ ਵਾਂਗ ਅੰਦਰ ਗਿਆ ਤੇ ਬੇਬੇ ਨੂੰ ਝੰਜੋੜਿਆ।

'ਬੇਬੇ..ਬੇਬੇ..।' ਕੋਈ ਹਰਕਤ ਨਹੀਂ। ਹੱਥ ਫੜਿਆ। ਸੀਤ ਸੀ। ਨੱਕ ਅੱਗੇ ਹੱਥ ਕੀਤਾ। ਕੋਈ ਸਾਹ ਨਹੀਂ ਸੀ। ਫੜਿਆ ਹੱਥ ਛੱਡਣ ਹੀ ਲੱਗਾ ਸੀ ਕਿ ਅਚਾਨਕ ਫੜੇ ਹੱਥ ਵਿੱਚ ਥਰਥਰਾਹਟ ਹੋਈ। ਸੁੱਚਾ ਕੰਬਿਆ।

'ਬੇਬੇ..ਬੇਬੇ..' ਲੱਗਾ ਉਹ ਖੁਦ ਮਰ ਰਿਹਾ ਸੀ।

ਉਹ ਫਿਰ ਬੇਬ ਦੇ ਚਿਹਰੇ ਲਾਗੇ ਨਿਵਿਆ। ਉਡੀਕਿਆ। ਬਹੁਤ ਦੇਰ ਬਾਅਦ ਬੇਬੇ ਦੇ ਕੋਇਆਂ ਤੋਂ ਪਲਕਾਂ ਸਰਕੀਆਂ। ਬੁੱਲ੍ਹ ਕੰਬੇ। ਹੱਥ ਵਿੱਚੋਂ ਕੰਬਣੀ ਲੰਘੀ..

ਸੁੱਚੇ ਦੀ ਭੁੱਬ ਨਿਕਲ ਗਈ।

ਇਕਾ ਇਕ ਸਾਰੇ ਟੱਬਰ ਦਾ ਹੀ ਅੜਾਟ ਉਚਾ ਹੋਇਆ।

ਟੱਬਰ ਭੁੱਲ ਹੀ ਗਿਆ। ਲੋਕ ਮੌਤ 'ਤੇ ਰੋਂਦੇ ਸਨ। ਉਹ ਮਾਂ ਦੇ ਜਿਉਂਦੇ ਹੋਣ 'ਤੇ ਰੋ ਰਹੇ ਸਨ।

## ਪਾਕਿਸਤਾਨੋਂ ਆਏ ਬਲਦੇਵ ਕੁਮਾਰ ਨੂੰ ਹਿੰਦੂ ਸੰਗਠਨਾਂ ਵਾਲੇ ਵੀ ਸਿੱਧੇ ਪੈ ਨਿਕਲੇ

ਖੰਨਾ, 12 ਸਤੰਬਰ (ਪੋਸਟ ਬਿਊਰੋ)- ਭਾਰਤ ਵਿੱਚ ਆਣ ਕੇ ਪਨਾਹ ਮੰਗਣ ਵੇਲੇ ਪਾਕਿਸਤਾਨ ਵਿੱਚ ਹਿੰਦੂ-ਸਿੱਖਾਂ ਉੱਤੇ ਜ਼ੁਲਮਾਂ ਦੀ ਦੁਹਾਈ ਦੇਣ ਵਾਲੇ ਬਲਦੇਵ ਕੁਮਾਰ, ਜਿਹੜਾ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪੀ ਟੀ ਆਈ ਦਾ ਸਾਬਕਾ ਵਿਧਾਇਕ ਹੈ, ਦੀਆਂ ਮੁਸ਼ਕਲਾਂ ਵਧਦੀਆਂ ਵਿਖਾਈ ਦੇ ਰਹੀਆਂ ਹਨ।



ਤਾਜ਼ਾ ਸਥਿਤੀ ਇਹ ਹੈ ਕਿ ਪਾਕਿਸਤਾਨ ਵਿੱਚ ਬੈਠੇ ਉਸ ਦੇ ਆਪਣੇ ਪਰਵਾਰ ਦੇ ਲੋਕ ਬਲਦੇਵ ਕੁਮਾਰ ਨੂੰ ਗਲਤ ਕਹਿ ਰਹੇ ਹਨ ਅਤੇ ਜਿਸ ਡਾਕਟਰ ਸੂਰਨ ਸਿੰਘ ਦੇ ਕਤਲ ਦਾ ਦੋਸ਼ ਬਲਦੇਵ ਕੁਮਾਰ ਉੱਤੇ ਲੱਗਾ ਸੀ, ਉਸ ਦੇ ਪੁੱਤਰ ਨੇ ਵੀ ਇਸ ਕੇਸ ਤੋਂ ਬਚਣ ਵਾਸਤੇ ਬਲਦੇਵ ਕੁਮਾਰ ਦੇ ਭਾਰਤ ਵੱਲ ਭੱਜਣ ਦੀ ਗੱਲ ਪਾਕਿਸਤਾਨੀ ਮੀਡੀਆ ਨੂੰ ਆਖੀ ਹੈ। ਇਸ ਤੋਂ ਬਾਅਦ ਭਾਰਤ ਦੇ ਹਿੰਦੂ ਸੰਗਠਨਾਂ ਨੇ ਵੀ ਬਲਦੇਵ ਕੁਮਾਰ ਦੇ ਭਾਰਤ ਆਉਣ ਅਤੇ ਸ਼ਰਨ ਮੰਗਣ ਬਾਰੇ ਪੰਜਾਬ ਅਤੇ ਕੇਂਦਰ ਦੋਵਾਂ ਸਰਕਾਰਾਂ ਨੂੰ ਕਹਿ ਦਿੱਤਾ ਹੈ ਕਿ ਇਹ ਗੰਭੀਰ ਮਾਮਲਾ ਹੈ, ਇਸ ਉੱਤੇ ਅੱਖਾਂ ਬੰਦ ਕਰ ਕੇ ਵਿਸ਼ਵਾਸ ਕਰਨਾ ਘਾਤਕ ਹੋਵੇਗਾ। ਸ਼ਿਵ ਸੈਨਾ ਹਿੰਦ ਦੇ ਰਾਸ਼ਟਰੀ ਪ੍ਰਧਾਨ ਨਿਸ਼ਾਂਤ ਸ਼ਰਮਾ ਨੇ ਬਲਦੇਵ ਕੁਮਾਰ ਨੂੰ ਗ੍ਰਿਫਤਾਰ ਕਰ ਕੇ ਪੂਰੇ ਕੇਸ ਵਿੱਚ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇੱਕ ਆਦਮੀ 12 ਅਗਸਤ ਨੂੰ ਪਾਕਿਸਤਾਨ ਤੋਂ ਭਾਰਤ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਖੰਨਾ ਆਇਆ ਅਤੇ ਪੂਰਾ ਇੱਕ ਮਹੀਨਾ ਉਸ ਨੇ ਨਾ ਭਾਰਤ 'ਚ ਸ਼ਰਣ ਮੰਗੀ ਅਤੇ ਨਾ ਆਪਣਾ ਦੁੱਖ ਕਿਸੇ ਮੂਹਰੇ ਜ਼ਾਹਰ ਕੀਤਾ ਹੈ। ਯੂ ਐਨ ਮਨੁੱਖੀ ਅਧਿਕਾਰ ਕਮਿਸ਼ਨ ਦੀ ਮੀਟਿੰਗ ਤੋਂ ਇੱਕ ਦਿਨ ਪਹਿਲਾਂ ਇਹ ਸ਼ਖਸ ਪਾਕਿਸਤਾਨ ਨੂੰ ਬੁਰਾ ਬੋਲਣ ਲੱਗ ਪਿਆ ਹੈ। ਜਿਹੜੇ ਸਿੱਖ ਨੇਤਾ ਦਾ ਕਤਲ ਕੇਸ ਬਲਦੇਵ ਕੁਮਾਰ 'ਤੇ ਪਿਆ ਸੀ, ਉਸ ਕੇਸ ਦਾ ਫੈਸਲਾ ਵੀ ਹਾਈ ਕੋਰਟ ਵਿੱਚ ਪੈਂਡਿੰਗ ਹੈ। ਇਸ ਲਈ ਭਾਰਤ ਅਤੇ ਪੰਜਾਬ ਦੋਵਾਂ ਸਰਕਾਰਾਂ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਅਤੇ ਬਲਦੇਵ ਕੁਮਾਰ ਨੂੰ ਹਿਰਾਸਤ ਵਿੱਚ ਲੈਣਾ ਚਾਹੀਦਾ ਹੈ ਅਤੇ ਫਿਰ ਇਸ ਪੂਰੇ ਕੇਸ ਦੀ ਉਚ ਪੱਧਰੀ ਜਾਂਚ ਕਰਵਾ ਕੇ ਦੁੱਧ ਦਾ ਅਤੇ ਪਾਣੀ ਦਾ ਪਾਣੀ ਸਾਹ-ਮਣੇ ਲਿਆਉਣਾ ਚਾਹੀਦਾ ਹੈ।

ਦੂਸਰੇ ਪਾਸੇ ਪਾਕਿਸਤਾਨ ਦੇ ਸਾਬਕਾ ਵਿਧਾਇਕ ਬਲਦੇਵ ਕੁਮਾਰ ਨੇ ਕੱਲ੍ਹ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਉਸ ਨੂੰ ਪਾਕਿਸਤਾਨ ਤੋਂ ਫੋਨ ਉੱਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ 'ਚ ਘੱਟ ਗਿਣਤੀਆਂ ਉਤੇ ਹੁੰਦੇ ਜ਼ੁਲਮਾਂ ਦੀ ਸੱਚਾਈ ਦੱਸਣ ਪਿੱਛੋਂ ਉਸ ਨੂੰ ਜਿੱਥੇ ਪਾਕਿਸਤਾਨੀ ਗਾਇਕ ਜੱਸੀ ਲਾਇਲਪੁਰੀਆ ਨੇ ਵਟਸਐਪ ਕਾਲ ਰਾਹੀਂ ਨਤੀਜੇ ਭੁਗਤਣ ਦੀ ਧਮਕੀ ਦਿੱਤੀ, ਉਥੇ ਆਈ ਐੱਸ ਆਈ ਏਜੰਟ ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਗੋਪਾਲ ਸਿੰਘ ਚਾਵਲਾ ਨੇ ਵੀਡੀਓ ਜਾਰੀ ਕਰ ਕੇ ਧਮਕੀ ਦਿੱਤੀ ਹੈ। ਚਾਵਲਾ ਨੇ ਇਹ ਕਿਹਾ ਹੈ ਕਿ ਬਲਦੇਵ ਕੁਮਾਰ ਖਾਲਿਸਤਾਨੀ ਸਮਰਥਕ ਹੈ। ਇਸ ਬਾਰੇ ਬਲਦੇਵ ਕੁਮਾਰ ਨੇ ਕਿਹਾ ਕਿ ਉਹ ਕਿਸੇ ਧਮਕੀ ਤੋਂ ਡਰਨ ਵਾਲਾ ਨਹੀਂ, ਪਾਕਿ ਵਿੱਚ ਲਾਇਲਪੁਰੀਆ ਅਤੇ ਚਾਵਲਾ ਵਰਗੇ ਲੋਕਾਂ ਕਾਰਨ ਹੀ ਹਿੰਦੂਆਂ ਤੇ ਸਿੱਖਾਂ 'ਤੇ ਜ਼ੁਲਮ ਹੋ ਰਹੇ ਹਨ, ਇਹ ਓਥੇ ਸਰਕਾਰ ਦੇ ਹੱਥ ਠੋਕੇ ਬਣੇ ਹੋਏ ਹਨ।

## ਸਾਬਕਾ ਭਾਜਪਾ ਵਿਧਾਇਕ ਨਵਜੋਤ ਨੰਨੂ ਦੀ ਪਤਨੀ ਵੀ ਗਾਇਬ ਹੋ ਗਈ

ਪਟਿਆਲਾ, 12 ਸਤੰਬਰ (ਪੋਸਟ ਬਿਊਰੋ)- ਚਾਰ ਦਿਨ ਪਹਿਲਾਂ ਹਸਪਤਾਲ 'ਚੋਂ ਸੁਰੱਖਿਆ ਮੁਲਾਜ਼ਮ ਦੀ ਹਾਜ਼ਰੀ ਵਿੱਚ ਫਰਾਰ ਹੋਏ ਨਸ਼ਾ ਸਮੱਗਲਰ ਨਵਜੋਤ ਸਿੰਘ ਦੀ ਪਤਨੀ ਨੂੰ ਉਸ ਦੇ ਫਰਾਰ ਹੋਣ ਦੀ ਯੋਜਨਾ ਬਾਰੇ ਪਹਿਲਾਂ ਹੀ ਜਾਣਕਾਰੀ ਸੀ। ਉਸ ਦੇ ਫਰਾਰ ਹੋਣ ਤੋਂ ਬਾਅਦ ਜਦੋਂ ਪੁਲਸ ਨਵਜੋਤ ਸਿੰਘ ਦੇ ਘਰ ਪੁੱਜੀ ਤਾਂ ਉਥੋਂ ਉਸ ਦੀ ਪਤਨੀ ਵੀ ਗਾਇਬ ਸੀ। ਘਰ 'ਚ ਨਵਜੋਤ ਦਾ ਪਿਤਾ, ਭਰਾ ਤੇ ਭਰਜਾਈ ਮੌਜੂਦ ਸਨ।

ਇਸ ਸੰਬੰਧ ਵਿੱਚ ਕੀਤੀ ਗਈ ਪੁੱਛਗਿੱਛ 'ਚ ਸਾਹਮਣੇ ਆਇਆ ਕਿ ਜਿਸ ਦਿਨ ਨਵਜੋਤ ਹਸਪਤਾਲ 'ਚੋਂ ਭੱਜਾ ਸੀ, ਉਸ ਤੋਂ ਅਗਲੀ ਸਵੇਰ ਉਸ ਦੀ ਪਤਨੀ ਵੀ ਘਰ ਤੋਂ ਬਿਨਾਂ ਦੱਸੇ ਚਲੀ ਗਈ। ਨਵਜੋਤ ਦੇ ਕਾਲੇ ਕੰਮ ਧੰਦੇ ਬਾਰੇ ਉਸ ਦੀ ਪਤਨੀ ਨੂੰ ਪਹਿਲਾਂ ਪਤਾ ਸੀ ਤੇ ਇਨ੍ਹਾਂ ਕੰਮਾਂ ਵਿੱਚ ਉਹ ਨਵਜੋਤ ਦਾ ਸਾਥ ਦਿੰਦੀ ਸੀ। ਪਟਿਆਲਾ ਵਿਖੇ ਨਵਜੋਤ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਦੀ ਪਤਨੀ ਦੇ ਖਿਲਾਫ ਵੀ ਕੇਸ ਦਰਜ ਕੀਤਾ ਗਿਆ ਸੀ। ਇਸ ਦੀ ਜਾਂਚ ਕਰ ਰਹੇ ਪੁਲਸ ਅਧਿਕਾਰੀ ਮੇਵਾ ਸਿੰਘ ਨੇ ਦੱਸਿਆ ਕਿ ਪੁਲਸ ਟੀਮ ਨਵਜੋਤ ਦੇ ਘਰ ਗਈ ਤਾਂ ਓਥੇ ਉਸ ਦੀ ਪਤਨੀ ਨਹੀਂ ਮਿਲੀ। ਪੁਲਸ ਨੂੰ ਸ਼ੱਕ ਹੈ ਕਿ ਨਵਜੋਤ ਦੀ ਪਤਨੀ ਉਸ ਦੇ ਨਾਲ ਹੀ ਹੈ। ਵਰਨਣ ਯੋਗ ਹੈ ਕਿ ਨਵਜੋਤ ਸਿੰਘ ਨੰਨੂ ਵਾਸੀ ਧੂਰੀ ਨੂੰ 16 ਜੁਲਾਈ ਨੂੰ ਸੀ ਆਈ ਏ ਸਟਾਫ ਪਟਿਆਲਾ ਦੀ ਟੀਮ ਨੇ ਨਸ਼ਾ ਸਮੱਗਲਿੰਗ ਦੇ ਦੋਸ਼ ਹੇਠ ਫੜਿਆ ਅਤੇ ਪੁਲਸ ਰਿਮਾਂਡ ਤੋਂ ਬਾਅਦ ਜੇਲ੍ਹ ਭੇਜਿਆ ਸੀ। ਛੇ ਸਤੰਬਰ ਨੂੰ ਨੰਨੂ ਨੇ ਛਾਤੀ 'ਚ ਦਰਦ ਦੀ ਸ਼ਿਕਾਇਤ ਕੀਤੀ ਤੇ ਉਸ ਨੂੰ ਸਰਕਾਰੀ ਰਜਿੰ-ਦਰਾ ਹਸਪਤਾਲ ਲਿਆਂਦਾ ਗਿਆ। ਡਾਕਟਰੀ ਜਾਂਚ ਤੋਂ ਬਾਅਦ ਉਸ ਨੂੰ ਕੈਦੀ ਵਾਰਡ ਵਿੱਚ ਦਾਖਲ ਕੀਤਾ ਗਿਆ, ਜਿਥੋਂ ਉਹ ਫਰਾਰ ਹੋ ਗਿਆ। ਪੁਲਸ ਨੇ ਨੰਨੂ ਕੋਲੋਂ ਕੀਤੀ ਪੁੱਛ ਪੜਤਾਲ ਤੋਂ ਬਾਅਦ ਰਾਜਗੜ੍ਹ ਪਿੰਡ ਦੀਆਂ ਦੋ ਔਰਤਾਂ ਨੂੰ ਵੀ ਨਸ਼ਾ ਸਮੱਗਲਿੰਗ ਦੇ ਦੋਸ਼ ਹੇਠ ਗ੍ਰਿਫਤਾਰ ਕਰ ਕੇ ਉਨ੍ਹਾਂ ਦੀ ਜਾਇਦਾਦ ਕੇਸ ਦੇ ਨਾਲ ਨੱਥੀ ਕੀਤੀ ਸੀ। ਦੂਸਰੇ ਪਾਸੇ ਪੁਲਸ ਨੇ ਇਸ ਮਾਮਲੇ 'ਚ ਨਾਮਜ਼ਦ ਹੌਲਦਾਰ ਜਸਵੰਤ ਸਿੰਘ ਤੇ ਜੇਲ੍ਹ ਵਾਰਡਨ ਸੁਖਵਿੰਦਰ ਸਿੰਘ ਨੂੰ ਅਦਾਲਤ 'ਚ ਪੇਸ਼ ਕਰਨ ਤੋਂ ਬਾਅਦ 14 ਦਿਨਾਂ ਲਈ ਜੇਲ੍ਹ ਭੇਜ ਦਿੱਤਾ ਗਿਆ ਹੈ। ਦੋਵਾਂ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ।

## ਬੇਅਦਬੀ ਕਾਂਡ ਵਿੱਚ ਤਿੰਨ ਡੇਰਾ ਪ੍ਰੇਮੀਆਂ ਦੇ ਖਿਲਾਫ ਦੋਸ਼ ਆਇਦ

ਫਰੀਦਕੋਟ, 12 ਸਤੰਬਰ (ਪੋਸਟ ਬਿਊਰੋ)- ਵਿਸ਼ੇਸ਼ ਜੱਜ ਹਰਬੰਸ ਸਿੰਘ ਲੇਖੀ ਨੇ ਬੇਅਦਬੀ ਕਾਂਡ ਨਾਲ ਸਬੰਧਤ ਕੇਸ ਦੀ ਸੁਣਵਾਈ ਦੌਰਾਨ ਤਿੰਨ ਡੇਰਾ ਪ੍ਰੇਮੀਆਂ ਖਿਲਾਫ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਨ, ਦੰਗੇ ਭੜਕਾਉਣ ਅਤੇ ਅਸਲਾ ਐਕਟ ਦੇ ਕੇਸਾਂ ਵਿੱਚ ਦੋਸ਼ ਆਇਦ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਜਾਂਚ ਏਜੰਸੀ ਨੂੰ ਸਬੰਧਤ ਗਵਾਹ 9 ਅਕਤੂਬਰ ਨੂੰ ਅਦਾਲਤ ਵਿੱਚ ਪੇਸ਼ ਕਰਨ ਲਈ ਕਿਹਾ ਹੈ। ਵਰਨਣ ਯੋਗ ਹੈ ਕਿ ਇਸ ਕੇਸ ਦੇ ਮੁੱਖ ਮੁਲਜ਼ਮ ਮਹਿੰਦਰਪਾਲ ਬਿੱਟੂ ਦੀ ਇਸੇ ਸਾਲ ਜੂਨ ਵਿੱਚ ਨਾਭਾ ਜੇਲ੍ਹ ਵਿੱਚ ਹੱਤਿਆ ਕਰ ਦਿੱਤੀ ਗਈ ਸੀ।

ਆਈ ਜੀ ਰਣਬੀਰ ਸਿੰਘ ਖਟੜਾ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਦਾਅਵਾ ਕੀਤਾ ਹੈ ਕਿ ਡੇਰਾ ਪ੍ਰੇਮੀਆਂ ਮਹਿੰਦਰਪਾਲ ਬਿੱਟੂ, ਸ਼ਕਤੀ ਸਿੰਘ ਤੇ ਸੁਖਵਿੰਦਰ ਸਿੰਘ ਨੇ ਆਪਣੇ ਘਰਾਂ ਵਿੱਚ ਸ੍ਰੀ ਗੁਰੂ ਨਾਨਕ ਦੀਆਂ ਸਾਖੀਆਂ ਦੀ ਬੇਅਦਬੀ ਕੀਤੀ ਅਤੇ ਡੇਰਾ ਮੁਖੀ ਨੂੰ ਸਜ਼ਾ ਤੋਂ ਬਚਾਉਣ ਲਈ ਪੰਜਾਬ ਵਿੱਚ ਦੰਗੇ ਭੜਕਾਉਣ ਦੀ ਵੀ ਕੋਸ਼ਿਸ਼ ਕੀਤੀ ਸੀ। ਕੱਲ੍ਹ ਸੁਣਵਾਈ ਦੌਰਾਨ ਸ਼ਕਤੀ ਸਿੰਘ, ਸੁਖਵਿੰਦਰ ਸਿੰਘ ਤੇ ਮਹਿੰ-ਦਰ ਕੁਮਾਰ ਅਦਾਲਤ ਵਿੱਚ ਹਾਜ਼ਰ ਸਨ। ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਵਿੱਚ ਲਿਖਤੀ ਦਾਅਵਾ ਕੀਤਾ ਹੈ ਕਿ ਮਹਿੰਦਰਪਾਲ ਬਿੱਟੂ ਡੇਰੇ ਦਾ ਮੁੱਖ ਪੈਰੋਕਾਰ ਸੀ ਤੇ ਉਸ ਦੇ ਖਾਤੇ ਵਿੱਚ ਪੰਜ ਕਰੋੜ ਰੁਪਏ ਦੀ ਨਗਦੀ ਆਈ ਸੀ। ਇਹ ਪੈਸਾ ਡੇਰਾ ਪ੍ਰੇਮੀਆਂ ਨੂੰ ਦੰਗੇ ਭੜਕਾਉਣ ਲਈ ਵੰਡਿਆ ਜਾਣਾ ਸੀ। ਡੇਰਾ ਪ੍ਰੇਮੀਆਂ ਨੇ ਦੱਸਿਆ ਕਿ ਦੋਸ਼ਪੱਤਰ ਸਿਆਸਤ ਤੋਂ ਪ੍ਰੇਰਿਤ ਅਤੇ ਗਲਤ ਹਨ।

## ਮਾਮਾ-ਮਾਮੀ ਨੇ ਮਾਸੂਮ ਭਾਣਜੀਆਂ ਉੱਤੇ ਕਹਿਰ ਵਰਤਾ ਛੱਡਿਆ

ਜਲੰਧਰ, 12 ਸਤੰਬਰ (ਪੋਸਟ ਬਿਊਰੋ)- ਵਡਾਲਾ ਚੌਕ ਵਿੱਚ ਇੱਕ ਮਾਮੇ-ਮਾਮੀ ਨੇ ਆਪਣੀਆਂ ਦੋ ਭਾਣਜੀਆਂ ਨੂੰ ਭੁੱਖਾ- ਰੱਖਿਆ ਅਤੇ ਕੁੱਟਮਾਰ ਕਰ ਕੇ ਜ਼ਖਮੀ ਕਰ ਦਿੱਤਾ। ਬੱਚਿਆਂ ਨਾਲ ਹੈਵਾਨੀਅਤ ਇਸ ਲਈ ਕੀਤੀ ਕਿ ਉਨ੍ਹਾਂ ਦੇ ਤਾਏ ਨੇ ਇਸ ਵਾਰ ਅਮਰੀਕਾ ਤੋਂ ਖਰਚ ਭੇਜਣ ਵਿੱਚ ਦੇਰੀ ਕਰ ਦਿੱਤੀ ਸੀ। ਚਾਈਲਡ ਲਾਈਨ ਉੱਤੇ ਕਾਲ ਆਈ ਤਾਂ ਬੱਚੀਆਂ ਦੇ ਨਾਲ ਹੁੰਦੇ ਜ਼ੁਲਮ ਦਾ ਖੁਲਾਸਾ ਹੋਇਆ, ਜਿਸ ਪਿੱਛੋਂ ਬੱਚੀਆਂ ਨੂੰ ਗਾਂਧੀ ਵਨਿਤਾ ਆਸ਼ਰਮ ਭੇਜ ਦਿੱਤਾ ਗਿਆ।

ਪਿੰਡ ਵਡਾਲਾ ਦੇ ਸਰਕਾਰੀ ਸਕੂਲ ਵਿੱਚ ਪੜ੍ਹਦੀਆਂ ਦੋ ਬੱਚੀਆਂ ਨਾਲ ਉਸ ਦੇ ਮਾਮਾ-ਮਾਮੀ ਵੱਲੋਂ ਕੁੱਟਮ-ਾਰ, ਭੁੱਖੇ ਰੱਖਣ ਤੇ ਕਈ ਤਰ੍ਹਾਂ ਦੇ ਜ਼ੁਲਮ ਕਰਨ ਦਾ ਮਾਮਲਾ ਪਤਾ ਲੱਗਾ ਹੈ। ਚਾਈਲਡ ਹੈਲਪ ਲਾਈਨ 'ਤੇ ਕੱਲ੍ਹ ਰਾਤ ਆਈ ਇੱਕ ਕਾਲ ਵਡਾਲਾ ਪਿੰਡ ਤੋਂ ਆਈ ਸੀ, ਜਿਸ ਨੂੰ ਫਾਲੋ ਕਰਦੇ ਚਾਈਲਡ ਹੈਲਪ ਲਾਈਨ ਵੱਲੋਂ ਕਵਿਤਾ ਸ਼ਰਮਾ ਅਤੇ ਜਸਲੀਨ ਸਕੂਲ ਪਹੁੰਚੇ ਤਾਂ ਉਥੇ ਜਾ ਕੇ ਦੋਵਾਂ ਨੇ ਸਕੂਲ ਦੇ ਬੱਚਿਆਂ ਨਾਲ ਗੱਲ ਕੀਤੀ। ਜਾਂਚ ਦੇ ਬਾਅਦ 14 ਅਤੇ 15 ਸਾਲ ਦੀ ਦੋਵਾਂ ਬੱਚੀਆਂ ਦੀ ਹਾਲਤ ਦੇਖ ਕੇ ਚਾਈਲਡ ਹੈਲਪਲਾਈਨ ਨੂੰ ਪਤਾ ਲੱਗਾ ਕਿ ਇਨ੍ਹਾਂ 'ਤੇ ਕਾਫੀ ਜ਼ੁਲਮ ਹੋਏ ਹਨ। ਦੋਵਾਂ ਬੱਚੀਆਂ ਨੂੰ ਇਸ ਟੀਮ ਨੇ ਕਪੂਰਥਲਾ ਚੌਕ ਵਿੱਚ ਬਾਲ ਵਿਕਾਸ ਕਮੇਟੀ ਸਾਹਮਣੇ ਪੇਸ਼ ਕੀਤਾ ਅਤੇ ਫਿਰ ਨਾਰੀ ਨਿਕੇਤਨ ਭੇਜ ਦਿੱਤਾ। ਦੋਵਾਂ ਬੱਚੀਆਂ ਦੇ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਹੈ ਅਤੇ ਉਨ੍ਹਾਂ ਦਾ ਤਾਇਆ ਅਮਰੀਕਾ ਵਿੱਚ ਹੈ। ਤਾਏ ਨੇ ਬੱਚੀਆਂ ਨੂੰ ਮਾਮਾ-ਮਾਮੀ ਕੋਲ ਛੱਡਿਆ ਹੋਇਆ ਸੀ ਅਤੇ ਉਹ ਖਰਚਾ ਭੇਜਦੇ ਸਨ। ਦੱਸਿਆ ਜਾਂਦਾ ਹੈ ਕਿ ਜਿਸ ਮਾਮਾ-ਮਾਮੀ ਨੇ ਬੱਚੀਆਂ 'ਤੇ ਜ਼ੁਲਮ ਕੀਤੇ, ਉਹ ਵਡਾਲਾ ਚੌਕ ਵਿੱਚ ਸੈਲੂਨ ਚਲਾਉਂਦੇ ਹਨ।

## ਜਨਤਕ ਆਗੂ ਧਨੇਰ ਦੀ ਉਮਰ ਕੈਦ ਦੀ ਸਜ਼ਾ ਰੱਦ ਕਰਾਉਣ ਲਈ ਸੰਘਰਸ਼ ਦਾ ਐਲਾਨ

ਚੰਡੀਗੜ੍ਹ, 12 ਸਤੰਬਰ (ਪੋਸਟ ਬਿਊਰੋ)- ਆਮ ਲੋਕਾਂ ਦਾ ਆਗੂ ਕਹੇ ਜਾਂਦੇ ਮਨਜੀਤ ਧਨੇਰ ਦੀ ਉਮਰ ਕੈਦ ਦੀ ਸਜ਼ਾ ਰੱਦ ਕਰਵਾਉਣ ਲਈ ਜਨਤਕ ਸੰਗਠਨਾਂ ਦੀ ਸਾਂਝੀ ਕਮੇਟੀ ਨੇ ਸੰਘਰਸ਼ ਦਾ ਐਲਾਨ ਕੀਤਾ ਹੈ। ਇਸ ਕਮੇਟੀ ਵਿੱਚ ਪੰਜਾਬ ਦੀਆਂ ਕਿਸਾਨ, ਮਜ਼ਦੂਰ ਅਤੇ ਵਿਦਿਆਰਥੀ ਤੇ ਨੌਜਵਾਨ ਜਥੇਬੰਦੀਆਂ ਸ਼ਾਮਲ ਹਨ।

ਵਰਨਣ ਯੋਗ ਹੈ ਕਿ 29 ਜੁਲਾਈ 1997 ਨੂੰ ਮਹਿਲ ਕਲਾਂ ਵਿਖੇ ਵਾਪਰੇ ਕਿਰਨਜੀਤ ਕੌਰ ਸਮੂਹਿਕ ਬਲਾਤਕ-ਾਰ ਅਤੇ ਕਤਲ ਕਾਂਡ 'ਚ ਦੋਸ਼ੀਆਂ ਖਿਲਾਫ ਲੜਾਈ ਵਿੱਚ ਮਨਜੀਤ ਸਿੰਘ ਧਨੇਰ ਨੇ ਅਹਿਮ ਭੂਮਿਕਾ ਨਿਭਾਈ ਸੀ, ਪਰ ਇਸ ਦੌਰਾਨ ਧਨੇਰ ਉਤੇ ਦਰਜ ਹੋਏ ਕੇਸ ਵਿੱਚ ਉਸ ਨੂੰ ਉਮਰ ਕੈਦ ਦੀ ਸਜ਼ਾ ਹੋ ਗਈ ਸੀ। ਜਨਤਕ ਸੰਗਠਨਾਂ ਦੇ ਆਗੂਆਂ ਨੇ ਕੱਲ੍ਹ ਇਥੇ ਐਲਾਨ ਕੀਤਾ ਕਿ ਉਸ ਦੀ ਸਜ਼ਾ ਮੁਆਫ ਕਰਵਾਉਣ ਲਈ 20 ਸਤੰਬਰ ਤੋਂ ਪਟਿਆਲਾ ਵਿਖੇ ਪੱਕਾ ਮੋਰਚਾ ਲਾ ਕੇ ਪੰਜਾਬ ਸਰਕਾਰ ਤੋਂ ਸਜ਼ਾ ਮੁਆਫੀ ਲਈ ਨਿਯਮਾਂ ਅਨੁਸਾਰ ਕਾਰਵਾਈ ਕਰਨ ਦੀ ਮੰਗ ਕੀਤੀ ਜਾਵੇਗੀ। ਕਮੇਟੀ ਨੇ ਕਿਹਾ ਕਿ 29 ਜੁਲਾਈ 1997 ਦੇ ਬਲਾਤਕਾਰ ਅਤੇ ਕਤਲ ਕਾਂਡ ਦਾ ਦੋਸ਼ੀ ਪੁਲਸ ਅਤੇ ਸਿਆਸਤਦਾਨਾਂ ਦੀ ਛੱਤਰੀ ਹੇਠ ਪਲਦਾ ਰਿਹਾ ਗੁੰਡਾ ਟੋਲਾ ਸੀ ਅਤੇ ਐਕਸ਼ਨ ਕਮੇਟੀ ਦੀ ਅਗਵਾਈ ਵਿੱਚ ਚੱਲੇ ਲੰਬੇ ਸੰਘਰਸ਼ ਸਦਕਾ ਸਾਰੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿਵਾਉਣ ਵਿੱਚ ਕਾਮਯਾਬੀ ਮਿਲੀ ਸੀ। ਇਸ ਸੰਘਰਸ਼ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਮਨਜੀਤ ਧਨੇਰ ਅਤੇ ਐਕਸ਼ਨ ਕਮੇਟੀ ਦੇ ਦੋ ਹੋਰ ਆਗੂਆਂ ਨਾਰਾਇਣ ਦੱਤ ਅਤੇ ਪ੍ਰੇਮ ਕੁਮਾਰ ਨੂੰ ਸਬਕ ਸਿਖਾਉਣ ਲਈ 3 ਮਾਰਚ 2001 ਨੂੰ ਬਰਨਾਲਾ ਕਚਹਿਰੀ ਵਿੱਚ ਹੋਏ ਝਗੜੇ ਵਿੱਚ ਸਾਜ਼ਿਸ਼ ਤਹਿਤ ਉਲਝਾ ਕੇ ਸੈਸ਼ਨ ਕੋਰਟ ਬਰਨਾਲਾ ਤੋਂ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਕਰਾਈ ਗਈ ਸੀ। ਇਨਸਾਫ ਪਸੰਦ ਜਥੇਬੰਦੀਆਂ ਦੇ ਸੰਘਰਸ਼ ਪਿੱਛੋਂ ਗਵਰਨਰ ਪੰਜਾਬ ਨੇ 25 ਜੁਲਾਈ 2007 ਨੂੰ ਇਹ ਸਜ਼ਾ ਰੱਦ ਕਰਨ ਦਾ ਹੁਕਮ ਕੀਤਾ ਸੀ, ਪਰ ਇਸ ਨੂੰ ਹਾਈ ਕੋਰਟ ਵਿੱਚ ਚੈਲੰਜ ਹੋਣ ਮਗਰੋਂ ਇਹ ਹੁਕਮ ਹਾਈ ਕੋਰਟ ਨੇ ਰੱਦ ਕਰ ਦਿੱਤਾ ਅਤੇ ਸੁਪਰੀਮ ਕੋਰਟ ਨੇ ਇਹ ਸਜ਼ਾ ਫਿਰ ਬਹਾਲ ਰੱਖੀ ਹੈ।

## ਪੰਜਾਬ ਦੇ ਵਿਧਾਇਕ ਵਿਦੇਸ਼ ਦੇ ਸਰਕਾਰੀ ਦੌਰੇ ਉਤੇ ਜਾਣਗੇ



ਚੰਡੀਗੜ੍ਹ, 12 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਵਿਧਾਇਕ ਵਿਦੇਸ਼ੀ ਦੌਰੇ ਲਈ ਸਰਕਾਰੀ ਤੌਰ 'ਤੇ ਜਾਣਗੇ। ਪਤਾ ਲੱਗਾ ਹੈ ਕਿ ਉਹ ਪੰਜਾਬ ਵਿਧਾਨ ਸਭਾ ਵੱਲੋਂ ਇੰਗਲੈਂਡ, ਕੈਨੇਡਾ ਅਤੇ ਆਸਟਰੇਲੀਆ ਦਾ ਦੌਰਾ ਕਰਨਗੇ। ਆਸਟਰੇਲੀਆ ਲਈ ਅਲੱਗ ਪ੍ਰੋਗਰਾਮ ਹੋਵੇਗਾ ਅਤੇ ਜੋ ਕੈਨੇਡਾ ਜਾਣਾ ਚਾਹੁੰਦੇ ਹਨ, ਉਨ੍ਹਾਂ ਦੇ ਲਈ ਅਲੱਗ ਅਤੇ ਇੰਗਲੈਂਡ ਜਾਣ ਵਾਲਿਆਂ ਦਾ ਅਲੱਗ ਪ੍ਰੋਗਰਾਮ ਹੋਵ-ੇਗਾ। ਇਹ ਸੱਦਾ ਸਾਰੀਆਂ ਪਾਰਟੀਆਂ ਦੇ ਵਿਧਾਇਕਾਂ ਦੇ ਲਈ ਹੈ।

ਮਿਲੀ ਜਾਣਕਾਰੀ ਮੁਤਾਬਕ ਇੰਗਲੈਂਡ ਜਾਣ ਲਈ ਅਜੇ ਤੱਕ 23 ਵਿਧਾਇਕਾਂ ਨੇ ਆਪਣੇ ਨਾਂਅ ਦੇ ਦਿੱਤੇ ਹਨ। ਜੋ ਵਿਧਾਇਕ ਵਿਦੇਸ਼ ਦੌਰੇ 'ਤੇ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਪਹਿਲਾਂ 50000 ਰੁਪਏ ਜਮ੍ਹਾ ਕਰਾਉਣ ਨੂੰ ਕਿਹਾ ਗਿਆ ਹੈ। ਬਾਅਦ ਵਿੱਚ ਇਹ ਪੈਸੇ ਇਨ੍ਹਾਂ ਵਿਧਾਇਕਾਂ ਨੂੰ ਰਿਫੰਡ ਕਰ ਦਿੱਤੇ ਜਾਣਗੇ ਅਤੇ ਆਉਣ-ਜਾਣ ਦਾ ਖਰਚਾ ਵਿਧਾਨ ਸਭਾ ਦੇਵੇਗੀ। ਕੁਝ ਵਿਧਾਇਕਾਂ ਨੇ ਪੈਸੇ ਜਮ੍ਹਾ ਕਰਾ ਦਿੱਤੇ ਹਨ। ਇਨ੍ਹਾਂ ਵਿੱਚ ਵਿਰੋਧੀ ਪਾਰਟੀਆਂ ਦੇ ਵਿਧਾਇਕ ਵੀ ਹਨ। ਕੁਝ ਵਿਧਾਇਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਤਿੰਨਾਂ ਵਿੱਚੋਂ ਕਿਸ ਦੇਸ਼ ਜਾਣਾ ਹੈ, ਇਹ ਵਿਧਾਨ ਸਭਾ ਨੂੰ ਦੱਸ ਦਿੱਤਾ ਹੈ। ਕੈਨੇਡਾ ਤੇ ਆਸਟਰੇਲੀਆ ਜਾਣ ਵੇਲੇ ਉਹ ਆਪਣੇ ਨਾਲ ਪਤੀ ਜਾਂ ਪਤਨੀ ਨੂੰ ਲਿਜਾ ਸਕਦੇ ਹਨ, ਪਰ ਇਸ ਦਾ ਖਰਚਾ ਖੁਦ ਕਰਨਾ ਪਵੇਗਾ। ਵਿਧਾਨ ਸਭਾ ਸਿਰਫ ਵਿਧਾਇਕਾਂ ਦਾ ਖਰਚਾ ਦੇਵੇਗੀ।

ਦੱਸਿਆ ਗਿਆ ਹੈ ਕਿ ਇਹ ਦੌਰਾ ਅਕਤੂਬਰ-ਨਵੰਬਰ ਦੇ ਬਾਅਦ ਸੰਭਵ ਹੋਵੇਗਾ। ਕੈਨੇਡਾ ਵਿੱਚ ਅਕਤੂਬਰ ਵਿੱਚ ਫੈਡਰਲ ਗੌਰਮਿੰਟ ਦੀ ਚੋਣ ਹੋਣ ਵਾਲੀ ਹੈ। ਉਸ ਦੇ ਬਾਅਦ ਉਥੋਂ ਦੀ ਪਾਰਲੀਮੈਂਟ ਬਣੇਗੀ ਤੇ ਓਦੋਂ ਤੱਕ ਕੈਨੇਡਾ ਵਿੱਚ ਬਰਫ ਪੈਣੀ ਸ਼ੁਰੂ ਹੋ ਜਾਵੇਗੀ, ਪਰ ਆਸਟਰੇਲੀਆ ਵਿੱਚ ਅਕਤੂਬਰ ਦੇ ਬਾਅਦ ਮੌਸਮ ਬਹੁਤ ਵਧੀਆ ਹੋਵ-ੇਗਾ ਤੇ ਮਾਰਚ ਤੱਕ ਠੀਕ ਰਹੇਗਾ। ਪੰਜਾਬ ਦੇ ਵਿਧਾਇਕ ਆਮ ਤੌਰ 'ਤੇ ਵਿਧਾਨ ਸਭਾ ਦੀ ਮੀਟਿੰਗ ਲਈ ਕੇਰਲਾ, ਗੋਆ ਅਤੇ ਦੂਸਰੀਆਂ ਮਨਮੋਹਕ ਅਤੇ ਸੈਰਗਾਹਾਂ 'ਤੇ ਵੀ ਜਾਂਦੇ ਰਹਿੰਦੇ ਹਨ।

### ਲਾਵਾਰਸ ਪਸ਼ੂ ਕਾਰਨ ਮੌਤ:

## ਮੇਅਰ ਤੇ ਕਮਿਸ਼ਨਰ ਦੇ ਵਕੀਲ ਨੇ ਹਾਜ਼ਰੀ ਲਵਾਈ

ਪਟਿਆਲਾ, 12 ਸਤੰਬਰ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਇੱਕ ਮਹੀਨਾ ਪਹਿਲਾਂ ਲਾਵਾਰਸ ਪਸ਼ੂ ਦੇ ਕਾਰਨ ਹੋਏ ਹਾਦਸੇ ਵਿੱਚ ਮਾਰੇ ਗਏ ਮਨਦੀਪ ਸਿੰਘ ਦੇ ਮਾਪਿਆਂ ਵੱਲੋਂ ਦੋ ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਹੇਠ ਅਦਾਲਤ ਵਿੱਚ ਦਾਇਰ ਕੀਤੇ ਗਏ ਕੇਸ ਦੀ ਕੱਲ੍ਹ ਪਹਿਲੀ ਪੇਸ਼ੀ ਸੀ। ਇਸ ਬਾਰੇ ਅਦਾਲਤ ਦੇ ਸੰਮਨ ਉੱਤੇ ਪਟਿਆਲਾ ਦੇ ਮੇਅਰ ਅਤੇ ਨਗਰ ਨਿਗਮ ਕਮਿਸ਼ਨਰ ਵੱਲੋਂ ਉਨ੍ਹਾਂ ਦੇ ਵਕੀਲ ਨੇ ਅਦਾਲਤ 'ਚ ਹਾਜ਼ਰੀ ਲਵਾਈ ਤਾਂ ਜਵਾਬ ਦਾਇਰ ਦੇਣ



ਲਈ ਵਕੀਲ ਵੱਲੋਂ ਸਮਾਂ ਮੰਗਣ 'ਤੇ ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ ਚਾਰ ਅਕਤੂਬਰ 'ਤੇ ਪਾ ਦਿੱਤੀ ਹੈ।

ਅਦਾਲਤ ਨੇ ਇਸ ਕੇਸ ਵਿੱਚ ਡਿਪਟੀ ਕਮਿਸ਼ਨਰ ਨੂੰ ਵੀ ਸੰਮਨ ਜਾਰੀ ਕੀਤੇ ਹੋਏ ਸਨ, ਪਰ ਡੀ ਸੀ ਦਫਤਰ ਦੇ ਮੁਲਾਜ਼ਮਾਂ ਦੀ ਹੜਤਾਲ ਕਾਰਨ ਡਿਪਟੀ ਕਮਿਸ਼ਨਰ ਨੂੰ ਸੰਮਨ ਨਹੀਂ ਮਿਲ ਸਕੇ। ਇਸ ਲਈ ਅਦਾਲਤ ਉਨ੍ਹਾਂ ਨੂੰ ਦੁਬਾਰਾ ਸੰਮਨ ਭੇਜੇਗੀ। ਪਟਿਆਲਾ ਦੇ ਮਨਦੀਪ ਸਿੰਘ (34) ਨੂੰ ਅੱਠ ਅਗਸਤ ਨੂੰ ਆਵਾਰਾ ਪਸ਼ੂ ਨੇ ਟੱਕਰ ਮਾਰੀ ਸੀ, ਜਿਸ ਨਾਲ ਉਸ ਦੀ ਮੌਤ ਹੋ ਗਈ ਸੀ। ਉਸ ਦੇ ਪਰਵਾਰ ਨੇ ਸਥਾਨਕ ਅਦਾਲਤ ਵਿੱਚ ਮੁਆਵਜ਼ੇ ਦਾ ਕੇਸ ਕੀਤਾ ਸੀ। ਮਨਦੀਪ ਸਿੰਘ ਨੂੰ ਪਰਵਾਰ ਦਾ ਇਕਲੌਤਾ ਕਮਾਊ ਮੈਂਬਰ ਦੱਸ ਕੇ ਪਰਵਾਰ ਨੇ ਦੋ ਕਰੋੜ ਰੁਪਏ ਤੋਂ ਵੱਧ ਮੁਆਵਜ਼ੇ ਦੀ ਮੰਗ ਕੀਤੀ ਹੈ।

ਇਸੇ ਤਰ੍ਹਾਂ ਪਿਛਲੇ ਮਹੀਨੇ ਇਥੋਂ ਦੇ ਅਮੀਰ ਸਿੰਘ (45) ਨੂੰ ਵੀ ਲਾਵਾਰਸ ਪਸ਼ੂ ਨੇ ਟੱਕਰ ਮਾਰੀ ਸੀ, ਜਿਸ ਨਾਲ ਉਸ ਦੀ ਮੌਤ ਹੋ ਗਈ ਸੀ। ਉਸ ਦੀ ਪਤਨੀ ਨੇ ਵੀ 61.50 ਲੱਖ ਰੁਪਏ ਮੁਆਵਜ਼ੇ ਦੀ ਮੰਗ ਕਰਦਿਆਂ ਅਦਾਲਤ ਵਿੱਚ ਅਜਿਹਾ ਕੇਸ ਦਾਇਰ ਕੀਤਾ ਹੈ। ਇਸ ਕੇਸ ਵਿੱਚ ਵੀ ਅਦਾਲਤ ਨੇ ਮੇਅਰ ਅਤੇ ਨਗਰ ਨਿਗਮ ਦੇ ਕਮਿਸ਼ਨਰ ਨੂੰ 31 ਅਕਤੂਬਰ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਹੋਏ ਹਨ।

### ਕਬੂਤਰਬਾਜ਼ਾਂ ਦਾ ਧੋਖਾ

## ਸਾਢੇ ਨੌਂ ਲੱਖ ਰੁਪਏ ਲੈ ਕੇ ਆਸਟਰੀਆ ਦੀ ਥਾਂ ਕਿਸੇ ਹੋਰ ਦੇਸ਼ ਛੱਡਿਆ

ਭੋਗਪੁਰ, 12 ਸਤੰਬਰ (ਪੋਸਟ ਬਿਊਰੋ)- ਭੋਗਪੁਰ ਨੇੜਲੇ ਪਿੰਡ ਚਾਹੜਕੇ ਦੇ ਇੱਕ ਆਦਮੀ ਦੀ ਸ਼ਿਕਾਇਤ 'ਤੇ ਪੁਲਸ ਨੇ ਇੱਕ ਆਦਮੀ ਅਤੇ ਉਸ ਦੇ ਦੋ ਸਾਲਿਆਂ ਦੇ ਖਿਲਾਫ ਇੱਕ ਨੌਜਵਾਨ ਨੂੰ ਆਸਟਰੀਆ ਭੇਜਣ ਦੇ ਨਾਂਅ 'ਤੇ ਸਾਢੇ ਨੌਂ ਲੱਖ ਦੀ ਠੱਗੀ ਕਰਨ ਅਤੇ ਫਿਰ ਯੂਕਰੇਨ ਵਿੱਚ ਛੱਡ ਦੇਣ ਦਾ ਕੇਸ ਦਰਜ ਕੀਤਾ ਹੈ।




ਇਸ ਬਾਰੇ ਬਲਦੇਵ ਸਿੰਘ ਪੁੱਤਰ ਸੇਵਾ ਸਿੰਘ ਵਾਸੀ ਚਾਹੜਕੇ ਨੇ ਐੱਸ ਐੱਸ ਪੀ ਜਲੰਧਰ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਦੇ ਪਿੰਡ ਦੇ ਰਜਿੰਦਰ ਸਿੰਘ ਉਰਫ ਤਰਸੇਮ ਸਿੰਘ ਪੁੱਤਰ ਕਰਨੈਲ ਸਿੰਘ ਨੇ ਉਸ ਨੂੰ ਕਿਹਾ ਕਿ ਉਸ ਦੇ ਸਾਲੇ ਪਲਵਿੰਦਰ ਸਿੰਘ ਉਰਫ ਭਿੰਦਾ ਅਤੇ ਮਨਜੀਤ ਸਿੰਘ ਦੋਵੇਂ ਵਾਸੀ ਹੀਰਾਪੁਰ ਜ਼ਿਲ੍ਹਾ ਜਲੰਧਰ ਏਜੰਟੀ ਦਾ ਧੰਦਾ ਕਰਦੇ ਹਨ। ਉਹ ਬਲਦੇਵ ਸਿੰਘ ਦੇ ਲੜਕੇ ਮਨਦੀਪ ਸਿੰਘ ਨੂੰ ਆਸਟਰੀਆ ਭੇਜ ਦੇਣਗੇ। ਇਸ ਬਾਰੇ ਰਜਿੰਦਰ ਅਤੇ ਉਸ ਦੇ ਸਾਲਿਆਂ ਨੇ ਮਨਪ੍ਰੀਤ ਨੂੰ ਆਸਟਰੀਆ ਭੇਜਣ ਲਈ ਸਾਢੇ ਨੌਂ ਲੱਖ ਰੁਪਏ ਦਾ ਸੌਦਾ ਕੀਤਾ ਸੀ, ਜਿਸ ਵਿੱਚੋਂ ਅੱਧੇ ਪੈਸੇ ਚਾਰ ਲੱਖ 75 ਹਜ਼ਾਰ ਰੁਪਏ ਸ਼ਿਕਾਇਤ ਕਰਤਾ ਨੇ ਇਨ੍ਹਾਂ ਏਜੰਟਾਂ ਨੂੰ ਪਹਿਲਾਂ ਦੇ ਦਿੱਤੇ ਅਤੇ ਬਾਕੀ ਅੱਧੇ ਮਨਪ੍ਰੀਤ ਦੇ ਆਸਟਰੀਆ ਪਹੁੰਚਣ ਉੱਤੇ ਦੇਣ ਦੀ ਗੱਲ ਤੈਅ ਹੋਈ ਸੀ। ਬਾਅਦ ਵਿੱਚ ਇਨ੍ਹਾਂ ਏਜੰਟਾਂ ਨੇ ਮਨਪ੍ਰੀਤ ਨੂੰ ਯੂਕਰੇਨ ਭੇਜ ਦਿੱਤਾ ਅਤੇ ਓਥੇ ਜਾਣ ਪਿੱਛੋਂ ਏਜੰਟਾਂ ਨੇ ਮਨਪ੍ਰੀਤ ਦੇ ਪਰਵਾਰ ਕੋਲੋਂ ਬਾਕੀ ਪੈਸਿਆਂ ਦੀ ਮੰਗ ਕੀਤੀ। ਪਰਵਾਰ ਨੇ ਆਪਣਾ ਲੜਕਾ ਯੂਕਰੇਨ ਫਸਿਆ ਦੇਖ ਕੇ ਬਾਕੀ ਪੌਣੇ ਪੰਜ ਲੱਖ ਦੀ ਰਕਮ ਵੀ ਇਨ੍ਹਾਂ ਏਜੰਟਾਂ ਨੂੰ ਦੇ ਦਿੱਤੀ। ਪੂਰੇ ਪੈਸੇ ਦੇਣ ਤੋਂ ਬਾਅਦ ਵੀ ਇਨ੍ਹਾਂ ਨੇ ਮਨਪ੍ਰੀਤ ਨੂੰ ਯੂਕਰੇਨ ਤੋਂ ਆਸਟਰੀਆ ਨਹੀਂ ਭੇਜਿਆ ਅਤੇ ਮਨਪ੍ਰੀਤ ਨੇ ਆਪਣੇ ਮਾਂ-ਬਾਪ ਨੂੰ ਫੋਨ ਕਰ ਕੇ ਦੱਸਿਆ ਕਿ ਉਹ ਬੁਰੀ ਤਰ੍ਹਾਂ ਫਸਿਆ ਹੋਇਆ ਹੈ ਤੇ ਜਲਦੀ ਏਜੰਟ ਨਾਲ ਗੱਲ ਕਰੋ। ਜਦੋਂ ਬਲਦੇਵ ਸਿੰਘ ਨੇ ਰਜਿੰਦਰ ਸਿੰਘ ਅਤੇ ਬਾਕੀ ਦੋ ਸਾਥੀ ਏਜੰਟਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਤਿੰਨ ਲੱਖ ਰੁਪਏ ਹੋਰ ਮੰਗੇ। ਬਲਦੇਵ ਸਿੰਘ ਨੇ ਹੋਰ ਪੈਸੇ ਦੇਣ ਤੋਂ ਅਸਮਰੱਥਾ ਜ਼ਾਹਰ ਕੀਤੀ ਤਾਂ ਏਜੰਟਾਂ ਨੇ ਕਿਹਾ ਕਿ ਉਹ ਮਨਪ੍ਰੀਤ ਸਿੰਘ ਨੂੰ ਯੂਕਰੇਨ ਦੇ ਜੰਗਲਾਂ ਵਿੱਚ ਦੌੜਾ-ਦੌੜਾ ਕੇ ਮਾਰ ਦੇਣਗੇ। ਪੁੱਤਰ ਨੂੰ ਖਤਰੇ ਵਿੱਚ ਦੇਖ ਕੇ ਪੈਸੇ ਦੇਣੋਂ ਅਸਮਰੱਥ ਬਲਦੀਪ ਸਿੰਘ ਨੇ ਇਸ ਦੀ ਸ਼ਿਕਾਇਤ ਐੱਸ ਐੱਸ ਪੀ ਜਲੰਧਰ ਨੂੰ ਦਿੱਤੀ। ਪੂਰੇ ਮਾਮਲੇ ਦੀ ਪੜਤਾਲ ਮਨੁੱਖੀ ਸਮੱਗਲਿੰਗ ਵਿਰੋਧੀ ਸੈੱਲ ਜਲੰਧਰ ਦਿਹਾਤੀ ਨੇ ਕੀਤੀ ਤੇ ਇਸ ਵਿੱਚ ਬਲਦੇਵ ਸਿੰਘ ਵੱਲੋਂ ਲਾਏ ਦੋਸ਼ ਸਹੀ ਸਾਬਤ ਹੋਏ। ਪੁਲਸ ਦੇ ਕੁਝ ਹੋਰ ਅਫਸਰਾਂ ਤੋਂ ਪੜਤਾਲ ਕਰਵਾਉਣ ਉਪਰੰਤ ਰਾਜਿੰਦਰ ਸਿੰਘ ਉਰਫ ਤਰਸੇਮ ਸਿੰਘ ਅਤੇ ਉਸ ਦੇ ਦੋ ਸਾਲਿਆਂ ਪਲਵਿੰਦਰ ਸਿੰਘ ਭਿੰਦਾ ਅਤੇ ਮਨਜੀਤ ਸਿੰਘ (ਦੋਵੇਂ ਵਾਸੀ ਹੀਰਾਪੁਰ) ਦੇ ਖਿਲਾਫ ਥਾਣਾ ਭੋਗਪੁਰ ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ।

## ਵਿਧਾਇਕ ਸਿਮਰਜੀਤ ਬੈਂਸ ਨੂੰ ਰਾਹਤ ਨਹੀਂ ਮਿਲੀ, ਜ਼ਮਾਨਤ ਦਾ ਫ਼ੈਸਲਾ 16 ਤੱਕ ਟਲਿਆ

ਗੁਰਦਾਸਪੁਰ, 12 ਸਤੰਬਰ (ਪੋਸਟ ਬਿਊਰੋ)- ਡਿਪਟੀ ਕਮਿਸ਼ਨਰ ਨਾਲ ਬਦਸਲੂਕੀ ਦੇ ਦੋਸ਼ ਹੇਠ ਨਾਮਜ਼ਦ ਲੁਧਿਆਣਾ ਦੇ ਵਿਧਾਇਕ ਅਤੇ ਲੋਕ ਇਨਸਾਫ਼ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਦੀ ਪੇਸ਼ਗੀ ਅਰਜ਼ੀ ਉੱਤੇ ਦੋਵਾਂ ਧਿਰਾਂ ਦੇ ਵਕੀਲਾਂ ਦੀ ਲੰਬੀ ਬਹਿਸ ਹੋਣ ਤੋਂ ਬਾਅਦ ਸੈਸ਼ਨ ਜੱਜ ਗੁਰਦਾਸਪੁਰ ਰਮੇਸ਼ ਕੁਮਾਰੀ ਨੇ ਫ਼ੈਸਲਾ 16 ਸਤੰਬਰ ਤਕ ਟਾਲ ਦਿੱਤਾ ਹੈ। ਸੈਸ਼ਨ ਜੱਜ ਨੇ 16 ਸਤੰਬਰ ਤਕ ਸਿਮਰਜੀਤ ਸਿੰਘ ਬੈਂਸ ਦੀ ਗ੍ਰਿਫ਼ਤਾਰੀ ਉੱਤੇ ਕੋਈ ਰੋਕ ਨਹੀਂ ਲਾਈ, ਜਿਸ ਨੂੰ ਵਿਧਾਇਕ ਬੈਂਸ ਲਈ ਇਕ ਝਟਕਾ ਮੰਨਿਆ ਜਾ ਰਿਹਾ ਹੈ। ਇਸ ਤਰ੍ਹਾਂ ਪੰਜਾਬ ਪੁਲਿਸ ਕੋਲ ਮੌਕਾ ਹੈ ਕਿ ਬੈਂਸ ਨੂੰ 16 ਸਤੰਬਰ ਤੋਂ ਪਹਿਲਾਂ ਗ੍ਰਿਫ਼ਤਾਰ ਕਰ ਸਕਦੀ ਹੈ।



ਇਸ ਕੇਸ ਵਿੱਚ ਸਰਕਾਰੀ ਪੱਖ ਵੱਲੋਂ ਜ਼ਿਲ੍ਹਾ ਅਟਾਰਨੀ ਨੇ ਅਦਾਲਤ ਨੂੰ ਦੱਸਿਆ ਕਿ ਡਿਪਟੀ ਕਮਿਸ਼ਨਰ ਦੇ ਨਾਲ ਬਦਸਲੂਕੀ ਤੇ ਧਮਕਾਉਣ ਦੇ ਕੇਸ ਵਿਚ ਬੈਂਸ ਦੀ ਗ੍ਰਿਫ਼ਤਾਰੀ ਜ਼ਰੂਰੀ ਹੈ। ਘਟਨਾ ਵੇਲੇ ਬੈਂਸ ਨਾਲ ਹੋਰ ਕਈ ਲੋਕ ਵੱਡੀ ਗਿਣਤੀ ਵਿਚ ਆਏ ਸਨ ਤੇ ਉਨ੍ਹਾਂ ਦੀ ਮਨਸ਼ਾ ਠੀਕ ਨਹੀਂ ਸੀ ਜਾਪਦੀ। ਇਸ ਕਾਰਨ ਬੈਂਸ ਦੀ ਗ੍ਰਿਫ਼ਤਾਰੀ ਨਾਲ ਉਸ ਤੋਂ ਪੁੱਛਗਿੱਛ ਕਰ ਕੇ ਉਸ ਦੇ ਸਾਥੀਆਂ ਦਾ ਪਤਾ ਲਾਉਣਾ ਹੈ ਤਾਂ ਜੋ ਸਹੀ ਛਾਣਬੀਣ ਹੋ ਸਕੇ। ਇਸ ਤੋਂ ਬਿਨਾ ਵਾਇਰਲ ਹੋਈ ਵੀਡੀਓ ਨਾਲ ਛੇੜਛਾੜ ਕੀਤੀ ਗਈ ਹੈ, ਜਿਸ ਨੂੰ ਫਾਰੈਂਸਿਕ ਲੈਬ ਵਿੱਚ ਭੇਜਣਾ ਜ਼ਰੂਰੀ ਹੈ। ਇਨ੍ਹਾਂ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਦਿਆਂ ਸਿਮਰਜੀਤ ਸਿੰਘ ਬੈਂਸ ਦੀ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਰੱਦ ਕੀਤੀ ਜਾਵੇ। ਦੂਸਰੇ ਪਾਸੇ ਸਿਮਰਜੀਤ ਸਿੰਘ ਬੈਂਸ ਵੱਲੋਂ ਪੇਸ਼ ਹੋਏ ਚਾਰ ਵਕੀਲਾਂ ਨੇ ਸਰਕਾਰੀ ਧਿਰ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸ ਕੇ ਕਿਹਾ ਕਿ ਬੈਂਸ ਨਾਲ ਜਿਹੜੇ ਲੋਕ ਦਫ਼ਤਰ ਵਿਚ ਗਏ ਸਨ, ਉਹ ਫੈਕਟਰੀ ਧਮਾਕੇ ਵਿਚ ਲਾਪਤਾ ਹੋਏ ਵਿਅਕਤੀ ਦਾ ਭਰਾ ਸਤਨਾਮ ਸਿੰਘ ਅਤੇ ਰਿਸ਼ਤੇਦਾਰ ਸਨ ਤੇ ਉਹ ਸਥਾਨਕ ਵਸਨੀਕ ਸਨ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਉਸ ਬਿਆਨ ਦਾ ਹਵਾਲਾ ਵੀ ਦਿੱਤਾ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਇਹ ਪਰਚਾ ਉਨ੍ਹਾਂ ਦੇ ਕਹਿਣ ਉੱਤੇ ਦਰਜ ਹੋਇਆ ਹੈ ਤੇ ਕਿਹਾ ਕਿ ਇਸ ਤੋਂ ਜ਼ਾਹਿਰ ਹੈ ਕਿ ਬੈਂਸ ਨੂੰ ਸਿਆਸੀ ਰੰਜਿਸ਼ ਦਾ ਸ਼ਿਕਾਰ ਬਣਾਇਆ ਗਿਆ ਹੈ। ਉਨ੍ਹਾਂ ਇਹ ਵੀ ਦਲੀਲ ਦਿੱਤੀ ਕਿ ਵੀਡੀਓ ਦੀ ਫਾਰੈਂਸਿਕ ਜਾਂਚ ਦੀ ਲੋੜ ਨਹੀਂ, ਕਿਉਂਕਿ ਘਟਨਾ ਸਥਾਨ ਦੇ ਦਫ਼ਤਰ ਵਿੱਚ ਸੀ ਸੀ ਟੀ ਵੀ ਕੈਮਰੇ ਲੱਗੇ ਹੋਏ ਸਨ, ਜਿਸ ਦੀ ਫੁਟੇਜ ਦੇਖੀ ਜਾ ਸਕਦੀ ਹੈ। ਦੋਹਾਂ ਧਿਰਾਂ ਦਾ ਪੱਖ ਸੁਣ ਲੈਣ ਪਿੱਛੋਂ ਆਸ ਕੀਤੀ ਜਾ ਰਹੀ ਸੀ ਕਿ ਸ਼ਾਮ ਨੂੰ ਸੈਸ਼ਨ ਜੱਜ ਵੱਲੋਂ ਆਪਣਾ ਅੰਤਿਮ ਫ਼ੈਸਲਾ ਸੁਣਾ ਦਿੱਤਾ ਜਾਵੇਗਾ, ਪਰ ਸ਼ਾਮ ਵੇਲੇ ਅਦਾਲਤ ਨੇ ਫ਼ੈਸਲਾ 16 ਸਤੰਬਰ ਤਕ ਰਾਖਵਾਂ ਰੱਖ ਲਿਆ। ਵਰਨਣ ਯੋਗ ਹੈ ਕਿ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਵਿਪੁਲ ਉੱਜਵਲ ਨਾਲ ਬਦਸਲੂਕੀ ਕਰਨ ਅਤੇ ਧਮਕੀ ਦੇਣ ਦੇ ਦੋਸ਼ ਵਿਚ ਬਟਾਲਾ ਪੁਲਿਸ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਖ਼ਿਲਾਫ਼ 7 ਸਤੰਬਰ ਨੂੰ ਐੱਸ ਡੀ ਐੱਮ ਬਟਾਲਾ ਬਲਬੀਰ ਰਾਜ ਸਿੰਘ ਵੱਲੋਂ ਦਿੱਤੀ ਸ਼ਿਕਾਇਤ ਉੱਤੇ ਕੇਸ ਦਰਜ ਕੀਤਾ ਸੀ।

## ਨਗਰ ਕੀਰਤਨ ਲਈ ਪਾਕਿ ਗੁਰਦੁਆਰਾ ਕਮੇਟੀ ਤੋਂ ਇਜਾਜ਼ਤ ਦੀ ਲੋੜ ਨਹੀਂ: ਸਿਰਸਾ

ਜਲੰਧਰ, 12 ਸਤੰਬਰ (ਪੋਸਟ ਬਿਊਰੋ)- ਦਿੱਲੀ ਦੀ ਸਿੱਖ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਜਨਰਲ ਸੈਕਟਰੀ ਹਰਮੀਤ ਸਿੰਘ ਕਾਲਕਾ ਤੇ ਹੋਰ ਨੇਤਾਵਾਂ ਨੇ ਕਿਹਾ ਹੈ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਅਤੇ ਤਖਤ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਨਾਲ ਮਿਲ ਕੇ ਭਾਰਤ ਤੇ ਪਾਕਿਸਤਾਨ ਵਿਚਾਲੇ 1974 ਦੇ ਦੋ-ਪੱਖੀ ਐਕਟ ਅਨੁਸਾਰ ਦਿੱਲੀ ਤੋਂ ਨਨਕਾਣਾ ਸਾਹਿਬ ਤੱਕ ਨਗਰ ਕੀਰਤਨ 13 ਅਕਤੂਬਰ ਤੋਂ ਸ਼ੁਰੂ ਹੋਵੇਗਾ। ਉਨ੍ਹਾਂ ਨੇ ਪਾਕਿਸਤਾਨ ਗੁਰ-ਦੁਆਰਾ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਰਾਜਨੀਤੀ ਦੀ ਬਜਾਏ ਆਪਣੇ ਸਵੈਮਾਣ ਉੱਤੇ ਕਾਇਮ ਰਹਿਣ। ਉਨ੍ਹਾਂ ਕਿਹਾ ਕਿ ਪਾਕਿਸਤਾਨ ਗੁਰਦੁਆਰਾ ਕਮੇਟੀ ਕਿਸੇ ਵੀ ਸ਼ਰਧਾਲੂ ਨੂੰ ਮੱਥਾ ਟੇਕਣ ਤੋਂ ਨਹੀਂ ਰੋਕ ਸਕਦੀ ਅਤੇ 13 ਅਕਤੂਬਰ ਤੋਂ ਸ਼ੁਰੂ ਹੋਇਆ ਨਗਰ ਕੀਰਤਨ 17 ਅਕਤੂਬਰ ਨੂੰ ਪਾਕਿ-ਸਤਾਨ ਸ੍ਰੀ ਨਨਕਾਣਾ ਸਾਹਿਬ ਤੱਕ ਜਾਵੇਗਾ।

ਸਿਰਸਾ ਅਤੇ ਕਾਲਕਾ ਨੇ ਕਿਹਾ ਕਿ ਦਿੱਲੀ ਕਮੇਟੀ ਨੇ ਓਥੋਂ ਦੀ ਸੰਗਤ ਦੇ ਇਸ ਨਗਰ ਕੀਰਤਨ ਲਈ ਭਾਰਤ ਦੀ ਸਰਕਾਰ ਅਤੇ ਦਿੱਲੀ ਸਰਕਾਰ ਦੇ ਗ੍ਰਹਿ ਵਿਭਾਗ ਸਮੇਤ ਸਾਰੇ ਵਿਭਾਗਾਂ ਤੋਂ ਮਨਜ਼ੂਰੀ ਲੈ ਲਈ ਹੈ। ਭਾਰਤ ਤੋਂ ਪਾਕਿਸਤਾਨ ਵਿੱਚ ਨਗਰ ਕੀਰਤਨ ਲਿਜਾਣਾ ਕਿਉਂਕਿ ਦੋ ਦੇਸ਼ਾਂ ਵਿਚਾਲੇ ਮਾਮਲਾ ਹੈ, ਇਸ ਲਈ ਪਾਕਿਸਤਾਨ ਸਰਕਾਰ ਤੋਂ ਮਨਜ਼ੂਰੀ ਭਾਰਤ ਸਰਕਾਰ ਲੈ ਕੇ ਦੇਵੇਗੀ। ਇਸ ਬਾਰੇ ਦਿੱਲੀ ਦੇ ਸਰਨਾ ਭਰਾਵਾਂ ਵੱਲੋਂ ਕੀਤੇ ਗਏ ਪ੍ਰਚਾਰ ਨੂੰ ਰੱਦ ਕਰ ਕੇ ਸਿਰਸਾ ਨੇ ਦੱਸਿਆ ਕਿ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਅਤੇ ਪਾਕਿਸਤਾਨ ਵਿਾਲੇ ਨਗਰ ਕੀਰਤਨ ਸਜਾਉਣ ਦੇ ਲਈ ਪਾਕਿਸਤਾਨ ਗੁਰਦੁਆਰਾ ਕਮੇਟੀ ਦੀ ਮਨਜ਼ੂਰੀ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਸਰਨਾ ਭਰਾ ਦਿੱਲੀ ਦੀ ਸੰਗਤ ਦੇ ਨਗਰ ਕੀਰਤਨ ਦੇ ਰਸਤੇ ਵਿੱਚ ਵਾਰ-ਵਾਰ ਰੁਕਾਵਟ ਪਾ ਕੇ ਇਸ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਮੁਹੰਮਦ ਅਸਲਮ ਖਾਨ ਨੇ ਓਥੋਂ ਦੇ ਪ੍ਰਸਿੱਧ ਅਖਬਾਰ ਵਿੱਚ ਲਿਖੇ ਲੇਖ ਵਿੱਚ ਸਰਨਾ ਭਰਾਵਾਂ ਦਾ ਵਿਸ਼ੇਸ਼ ਜ਼ਿਕਰ ਕਰਦੇ ਹੋਏ ਦੱਸਿਆ ਹੈ ਕਿ ਪਾਕਿਸਤਾਨ ਵਿੱਚ ਕਾਰ ਸੇਵਾ ਦੇ ਬਹਾਨੇ ਵੱਡੇ ਘੋਟਾਲੇ ਹੋ ਰਹੇ ਹਨ।



# ਮਨਜੀਤ ਸਿੰਘ ਜੀ ਕੇ ਪਾਰਟੀ ਬਣਾ ਕੇ ਸਿੱਖ ਸਿਆਸਤ ਨੂੰ ਚੁਣੌਤੀ ਦੇਣਗੇ



ਨਵੀਂ ਦਿੱਲੀ, 12 ਸਤੰਬਰ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ ਐਸ ਜੀ ਪੀ ਸੀ) ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਆਪਣੀ ਪਾਰਟੀ ਬਣਾ ਕੇ ਦਿਲੀ ਸਿੱਖ ਸਿਆਸਤ 'ਚ ਸਾਹਮਣੇ ਆਉਣਗੇ। ਗਾਂਧੀ ਜੈਅੰਤੀ ਦੇ ਦਿਨ ਉਹ ਆਪਣੀ ਨਵੀਂ ਪਾਰਟੀ ਦੀ ਸ਼ੁਰੂਆਤ ਕਰਨਗੇ।

ਮਨਜੀਤ ਸਿੰਘ ਜੀ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਦਿੱਲੀ ਸੂਬੇ ਦੇ ਪ੍ਰਧਾਨ ਰਹੇ ਹਨ। ਉਨ੍ਹਾਂ ਦੀ ਅਗਵਾਈ 'ਚ ਪਾਰਟੀ ਨੇ ਦੋ ਵਾਰ ਡੀ ਐਸ ਜੀ ਪੀ ਸੀ ਚੋਣਾਂ ਵਿੱਚ ਜਿੱਤ ਦਰਜ ਕੀਤੀ ਹੋਈ ਹੈ। ਇਸ ਸਾਲ ਉਹ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਾਹਮਣੇ ਚੁਣੌਤੀ ਪੇਸ਼ ਕਰਨਗੇ। ਦਿੱਲੀ ਦੇ ਕਈ ਪੰਥਕ ਨੇਤਾ ਉਨ੍ਹਾਂ ਦੀ ਪਾਰਟੀ ਵਿੱਚ ਸ਼ਾਮਲ ਹੋਣਗੇ। ਮਨਜੀਤ ਸਿੰਘ ਜੀ ਕੇ ਸਾਲ 2007 'ਚ ਸ਼੍ਰੋਮਣੀ ਅਕਾਲੀ ਦਲ ਪੰਥਕ ਦੇ ਨਾਂ ਦੀ ਪਾਰਟੀ ਬਣਾ ਕੇ ਗੁਰਦੁਆਰਾ ਚੋਣਾਂ ਲੜੇ ਸਨ। ਉਨ੍ਹਾਂ ਦੀ ਪਾਰਟੀ ਨੇ ਪੰਜ ਸੀਟਾਂ 'ਤੇ ਜਿੱਤ ਦਰਜ ਕੀਤੀ ਅਤੇ ਸਾਲ 2008 'ਚ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ 'ਚ ਪਾਰਟੀ ਦਾ ਰਲੇਵਾਂ ਕਰ ਦਿੱਤਾ ਤਾਂ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ 'ਚ ਸੂਬਾਈ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਉਨ੍ਹਾਂ ਦੀ ਅਗਵਾਈ 'ਚ ਪਾਰਟੀ ਸਾਲ 2013 'ਚ ਸ਼੍ਰੋਮਣੀ ਅਕਾਲੀ ਦਲ ਦਿੱਲੀ (ਸਰਨਾ ਧੜੇ) ਨੂੰ ਹਰਾ ਕੇ ਕਮੇਟੀ 'ਤੇ ਕਬਜ਼ਾ ਕੀਤਾ ਤੇ ਉਹ ਕਮੇਟੀ ਦੇ ਪ੍ਰਧਾਨ ਚੁਣੇ ਗਏ। ਸਾਲ 2017 'ਚ ਫਿਰ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਕਮੇਟੀ ਚੋਣਾਂ 'ਚ ਜਿੱਤ ਮਿਲੀ ਅਤੇ ਉਹ ਪ੍ਰਧਾਨ ਦੀ ਕੁਰਸੀ 'ਤੇ ਬੈਠੇ, ਪਰ ਪਾਰਟੀ ਦੀ ਲੀਡਰਸ਼ਿਪ ਨਾਲ ਮਤਭੇਦ ਕਾਰਨ ਉਨ੍ਹਾਂ ਦੀਆਂ ਮੁਸ਼ਕਲਾਂ ਵਧਦੀਆਂ ਗਈਆਂ। ਕਮੇਟੀ ਦੇ ਮੌਜੂਦਾ ਪ੍ਰਧਾਨ ਅਤੇ ਉਸ ਸਮੇਂ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨਾਲ ਉਨ੍ਹਾਂ ਦੀ ਲੜਾਈ ਦੀਆਂ ਖਬਰਾਂ ਜਨਤਕ ਹੋਣ ਲੱਗੀਆਂ। ਉਨ੍ਹਾਂ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ, ਜਿਹੜੇ ਅਦਾਲਤ 'ਚ ਵਿਚਾਰ ਅਧੀਨ ਹਨ। ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਉਨ੍ਹਾਂ ਨੂੰ ਦਸੰਬਰ 2018 'ਚ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ। ਉਹ ਨਵੀਂ ਸਿਆਸੀ ਵਾਰੀ ਸ਼ੁਰੂ ਕਰਨ ਵਾਲੇ ਹਨ।

# ਪਦਮ ਵਿਭੂਸ਼ਣ ਲਈ ਪਹਿਲੀ ਵਾਰ ਮਹਿਲਾ ਖਿਡਾਰੀ ਦਾ ਨਾਂ ਪੇਸ਼



ਨਵੀਂ ਦਿੱਲੀ, 12 ਸਤੰਬਰ (ਪੋਸਟ ਬਿਊਰੋ)- ਭਾਰਤੀ ਖੇਡ ਮੰਤਰਾਲੇ ਨੇ ਨੌਂ ਖਿਡਾਰੀਆਂ ਦੇ ਨਾਂ ਪਦਮ ਸਨਮਾਨ (ਪਦਮ ਵਿਭੂਸ਼ਣ, ਪਦਮ ਭੂਸ਼ਣ, ਪਦਮਸ਼੍ਰੀ) ਲਈ ਗ੍ਰਹਿ ਮੰਤਰਾਲੇ ਨੂੰ ਭੇਜੇ ਹਨ। ਖ਼ਾਸ ਗੱਲ ਇਹ ਹੈ ਕਿ ਸਾਰੇ ਨਾਂ ਦੇਸ਼ ਦੀਆਂ ਬੇਟੀਆਂ ਦੇ ਹਨ, ਜਿਨ੍ਹਾਂ ਨੇ ਖੇਡਾਂ ਵਿਚ ਭਾਰਤ ਦਾ ਮਾਣ ਵਧਾਇਆ ਹੈ। ਛੇ ਵਾਰ ਵਿਸ਼ਵ ਚੈਂਪੀਅਨ ਮੁੱਕੇਬਾਜ਼ ਐੱਮ ਸੀ ਮੈਰੀਕਾਮ ਦਾ ਨਾਂ ਪਦਮ ਵਿਭੂਸ਼ਣ ਸਨਮਾਨ ਲਈ ਤਜਵੀਜ਼ ਕੀਤਾ ਗਿਆ ਹੈ। ਭਾਰਤ ਦੇ ਖੇਡ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਇਕ ਮਹਿਲਾ ਖਿਡਾਰੀ ਨੂੰ ਦੇਸ਼ ਦੇ ਦੂਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮ ਵਿਭੂਸ਼ਣ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਵਿਸ਼ਵ ਚੈਂਪੀਅਨ ਬੈਡਮਿੰਟਨ ਸਟਾਰ ਪੀ ਵੀ ਸਿੰਧੂ ਦਾ ਨਾਂ ਪਦਮ ਭੂਸ਼ਣ ਲਈ ਭੇਜਿਆ ਗਿਆ ਹੈ। ਉਸ ਦਾ ਨਾਂ ਇਸ ਦੇ ਲਈ 2017 ਵਿਚ ਵੀ ਭੇਜਿਆ ਗਿਆ ਸੀ, ਪਰ ਉਹ ਫਾਈਨਲ ਸੂਚੀ ਵਿਚ ਥਾਂ ਨਹੀਂ ਸੀ ਬਣਾ ਸਕੀ। ਉਸ ਨੂੰ 2015 ਵਿਚ ਪਦਮਸ਼੍ਰੀ ਮਿਲਿਆ ਸੀ। ਜਿਨ੍ਹਾਂ ਹੋਰ ਸੱਤ ਮਹਿਲਾ ਖਿਡਾਰਨਾਂ ਦੇ ਨਾਂਅ ਪਦਮਸ਼੍ਰੀ ਲਈ ਪੇਸ਼ ਹੋਏ ਹਨ, ਉਨ੍ਹਾਂ ਵਿਚ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ, ਟੇਬਲ ਟੈਨਿਸ ਸਟਾਰ ਮਨਿਕਾ ਬਤਰਾ, ਮਹਿਲਾ ਕ੍ਰਿਕਟ ਟੀਮ ਦੀ ਟੀ-20 ਕਪਤਾਨ ਹਰਮਨਪ੍ਰੀਤ ਕੌਰ, ਹਾਕੀ ਕਪਤਾਨ ਰਾਣੀ ਰਾਮਪਾਲ, ਸਾਬਕਾ ਨਿਸ਼ਾਨੇਬਾਜ਼ ਸੁਮਾ ਸ਼ਿਰੂਰ ਤੇ ਪਰਬਤਾਰੋਹੀ ਜੌੜੀਆਂ ਭੈਣਾਂ ਤਾਸ਼ੀ ਅਤੇ ਨੁੰਗਸ਼ੀ ਮਲਿਕ ਸ਼ਾਮਲ ਹਨ। ਇਨ੍ਹਾਂ ਨਾਵਾਂ ਨੂੰ ਗ੍ਰਹਿ ਮੰਤਰਾਲੇ ਦੀ ਪਦਮ ਪੁਰਸਕਾਰ ਕਮੇਟੀ ਨੂੰ ਭੇਜਿਆ ਗਿਆ ਹੈ। ਇਸ ਦੇ ਨਾਲ ਪਦਮਸ਼੍ਰੀ ਲਈ ਤੀਰ ਅੰਦਾਜ਼ ਤਰੁਣਦੀਪ ਰਾਏ ਅਤੇ ਹਾਕੀ ਉਲੰਪੀਅਨ ਐੱਮ ਪੀ ਗਣੇਸ਼ ਦੇ ਨਾਂ ਨੂੰ ਬਾਅਦ ਵਿਚ ਜੋੜਿਆ ਗਿਆ ਹੈ, ਪਰ ਖੇਡ ਮੰਤਰੀ ਕਿਰਨ ਰਿਜਿਜੂ ਤੋਂ ਅਜੇ ਮਨਜ਼ੂਰੀ ਨਹੀਂ ਮਿਲੀ।

# 2.1 ਕਿਲੋਮੀਟਰ ਉਤੇ ਨਹੀਂ, 335 ਮੀਟਰ ਉਤੇ ਟੁੱਟਾ ਵਿਕਰਮ ਨਾਲੋਂ ਸੰਪਰਕ



ਨਵੀਂ ਦਿੱਲੀ, 12 ਸਤੰਬਰ (ਪੋਸਟ ਬਿਊਰੋ)- ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਅਤਿਅੰਤ ਅਹਿਮ ਮੂਨ ਮਿਸ਼ਨ ਚੰਦਰਯਾਨ-2 ਬਾਰੇ ਕੱਲ੍ਹ ਵੱਡਾ ਖੁਲਾਸ ਹੋਇਆ। ਲੈਂਡਰ ਵਿਕਰਮ ਨਾਲੋਂ ਇਸਰੋ ਦਾ ਸੰਪਰਕ ਚੰਦਰਮਾ ਦੀ ਸਤ੍ਹਾ ਤੋਂ 2.1 ਕਿਲੋਮੀਟਰ ਦੀ ਉਚਾਈ 'ਤੇ ਨਹੀਂ, ਸਗੋਂ 335 ਮੀਟਰ 'ਤੇ ਟੁੱਟਿਆ ਸੀ। ਇਸਰੋ ਦੇ ਮਿਸ਼ਨ ਆਪ੍ਰੇਸ਼ਨ ਕੰਪਲੈਕਸ ਵੱਲੋਂ ਜਾਰੀ ਤਸਵੀਰ ਤੋਂ ਇਹ ਖੁਲਾਸਾ ਹੋਇਆ ਹੈ। ਚੰਦਰਯਾਨ-2 ਦਾ ਲੈਂਡਰ ਵਿਕਰਮ ਇਸਰੋ ਦੇ ਇੱਕ ਗਰਾਫ ਵਿੱਚ ਨਜ਼ਰ ਆ ਰਹੀਆਂ ਤਿੰਨ ਰੇਖਾਵਾਂ ਵਿਚਾਲੇ ਲਾਲ ਰੇਖਾ 'ਤੇ ਚੱਲ ਰਿਹਾ ਸੀ। ਲਾਲ ਰੇਖਾ ਇਸਰੋ ਵੱਲੋਂ ਲੈਂਡਰ ਵਿਕਰਮ ਦਾ ਪਹਿਲਾਂ ਤੋਂ ਮਿੱਥਿਆ ਰਾਹ ਸੀ। ਵਿਕਰਮ ਦੇ ਅੱਗੇ ਵਧਣ ਦੇ ਨਾਲ ਹੀ ਲਾਲ ਰੰਗ ਦੀ ਰੇਖਾ ਉਪਰ ਹਰੇ ਰੰਗ ਦੀ ਰੇਖਾ ਸਪੱਸ਼ਟ ਨਜ਼ਰ ਆ ਰਹੀ ਸੀ। ਚੰਦ ਦੀ ਸਤ੍ਹਾ ਤੋਂ 4.2 ਕਿਲੋਮੀਟਰ ਦੀ ਉਚਾਈ ਉੱਤੇ ਵੀ ਵਿਕਰਮ ਲੈਂਡਰ ਆਪਣੇ ਪਹਿਲਾਂ ਤੋਂ ਮਿਥੇ ਰਾਹ ਤੋਂ ਥੋੜ੍ਹਾ ਭਟਕਿਆ, ਪਰ ਜਲਦੀ ਉਸ ਨੂੰ ਸਹੀ ਕਰ ਦਿੱਤਾ ਗਿਆ। ਉਸ ਤੋਂ ਬਾਅਦ ਜਦੋਂ ਵਿਕਰਮ ਚੰਦਰਮਾ ਦੀ ਸਤ੍ਹਾ ਤੋਂ 2.1 ਕਿਲੋਮੀਟਰ ਦੀ ਉਚਾਈ 'ਤੇ ਪੁੱਜਾ ਤਾਂ ਉਹ ਆਪਣੇ ਰਾਹ ਤੋਂ ਭਟਕ ਕੇ ਦੂਜੇ ਰਾਹ 'ਤੇ ਤੁਰਨ ਲੱਗ ਪਿਆ। ਜਿਸ ਸਮੇਂ ਵਿਕਰਮ ਨੇ ਆਪਣਾ ਮਿਥਿਆ ਰਾਹ ਛੱਡਿਆ ਸੀ, ਉਸ ਸਮੇਂ ਉਸ ਦੀ ਰਫਤਾਰ 59 ਮੀਟਰ ਪ੍ਰਤੀ ਸੈਕਿੰਡ ਸੀ। ਰਾਹ ਭਟਕਣ ਦੇ ਬਾਵਜੂਦ ਸਤ੍ਹਾ ਤੋਂ 400 ਮੀਟਰ ਉਚਾਈ 'ਤੇ ਵਿਕਰਮ ਲੈਂਡਰ ਦੀ ਰਫਤਾਰ ਲਗਭਗ ਉਸ ਪੱਧਰ ਤੱਕ ਪਹੁੰਚ ਚੁੱਕੀ ਸੀ, ਜਿਸ 'ਤੇ ਉਸ ਨੇ ਸਾਫਟ ਲੈਂਡਿੰਗ ਕਰਨੀ ਸੀ। ਮਿਸ਼ਨ ਆਪ੍ਰੇਸ਼ਨ ਕੰਪਲੈਕਸ ਦੀ ਸਕਰੀਨ 'ਤੇ ਨਜ਼ਰ ਆਏ ਗ੍ਰਾਫ ਵਿੱਚ ਲੈਂਡਿੰਗ ਲਈ ਪਹਿਲਾਂ ਮਿਥੇ 15 ਮਿੰਟ ਦੇ 13ਵੇਂ ਮਿੰਟ ਉਤੇ ਸਕਰੀਨ 'ਤੇ ਇੱਕ ਹਰੇ ਰੰਗ ਦੇ ਧੱਬੇ ਨਾਲ ਸਭ ਕੁਝ ਰੁਕ ਗਿਆ। ਉਸ ਸਮੇਂ ਵਿਕਰਮ ਲੈਂਡਰ ਚੰਦਰਮਾ ਦੀ ਸਤ੍ਹਾ ਤੋਂ 335 ਮੀਟਰ ਦੀ ਉਚਾਈ 'ਤੇ ਸੀ।

## ਹਰ ਦੂਜੇ ਸ਼ਖਸ ਦੀ ਬੀ ਪੀ ਜਾਂਚ ਵਿੱਚ ਭੁੱਲ ਜਾਂਦੇ ਹਨ ਡਾਕਟਰ

ਮੁੰਬਈ, 12 ਸਤੰਬਰ (ਪੋਸਟ ਬਿਊਰੋ)- ਜਦ ਵੀ ਮਰੀਜ਼ ਕਿਸੇ ਕਲੀਨਿਕ ਜਾਂ ਹਸਪਤਾਲ ਵਿੱਚ ਜਾਂਦਾ ਹੈ ਤਾਂ ਡਾਕਟਰ ਸਭ ਤੋਂ ਪਹਿਲਾ ਉਸ ਦਾ ਬੀ ਪੀ (ਬਲੱਡ ਪ੍ਰੈਸ਼ਰ) ਵੇਖਦਾ ਹੈ। ਕਈ ਵਾਰ ਇਕ ਰੀਡਿੰਗ ਦੇ ਆਧਾਰ 'ਤੇ ਮਰੀਜ਼ ਨੂੰ ਬਲੱਡ ਪ੍ਰੈਸ਼ਰ ਹੈ ਜਾਂ ਨਹੀਂ ਨਿਰਧਾਰਿਤ ਕਰਕੇ ਉਸ ਨੂੰ ਦਵਾਈ ਦੇ ਦਿੱਤੀ ਜਾਂਦੀ ਹੈ। ਇਕ ਅਧਿਐਨ ਵਿੱਚ ਖੁਲਾਸਾ ਹੋਇਆ ਹੈ ਕਿ ਹਰ ਦੂਸਰੇ ਵਿਅਕਤੀ ਦਾ ਬੀ ਪੀ ਵੇਖਣ ਵਿੱਚ ਡਾਕਟਰ ਭੁੱਲ ਜਾਂਦੇ ਹਨ। ਇਕ ਵਾਰ ਰੀਡਿੰਗ ਦੀ ਬਜਾਏ ਤਿੰਨ ਵਾਰ ਰੀਡਿੰਗ ਕਰਨ ਦੀ ਸਲਾਹ ਵੱਡੇ ਡਾਕਟਰਾਂ ਨੇ ਦਿੱਤੀ ਹੈ।'ਇੰਡੀਅਨ ਹਾਰਡ ਸਟੱਡੀ' ਅਧਿਐਨ ਦੇ ਤਹਿਤ 19,000 ਲੋਕਾਂ ਦੇ ਬੀ ਪੀ ਦੀ ਜਾਂਚ ਕੀਤੀ ਗਈ ਤਾਂ ਇਸ 'ਚੋਂ 42 ਫੀਸਦੀ ਲੋਕਾਂ ਦੀ ਬੀ ਪੀ ਜਾਂਚਣ ਵਿੱਚ ਭੁੱਲ ਹੋਈ ਸੀ। ਮੁੰਬਈ ਹਸਪਤਾਲ ਦੇ ਦਿਲ ਵਿਭਾਗ ਦੇ ਪ੍ਰਮੁੱਖ ਪ੍ਰੋ. ਅਨਿਲ ਸ਼ਰਮਾ ਨੇ ਕਿਹਾ ਕਿ ਕਈ ਵਾਰ ਮਰੀਜ਼ ਸਫੇਦ ਕੋਟ ਵਿੱਚ ਡਾਕਟਰ ਤੇ ਨਰਸ ਨੂੰ ਦੇਖ ਕੇ ਡਰ ਜਾਂਦਾ ਹੈ। ਇਸ ਘਬਰਾਹਟ ਵਿੱਚ ਉਸ ਦੀ ਬੀ ਪੀ ਵੱਧ ਜਾਂ ਘੱਟ ਹੋ ਜਾਂਦਾ ਹੈ।

# ਹੱਥ ਵਿੱਚ ਦਾਤਰ ਚੁੱਕ ਕੇ ਆਪਣੇ ਨੇਤਾ ਨੂੰ ਖੱਟਰ ਨੇ ਕਿਹਾ: ਧੌਣ ਵੱਢ ਦਿਆਂਗਾ ਤੇਰੀ



ਨਵੀਂ ਦਿੱਲੀ, 12 ਸਤੰਬਰ (ਪੋਸਟ ਬਿਊਰੋ)- ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਉਹ ਹੱਥ 'ਚ ਦਾਤਰ ਲੈ ਕੇ ਖੜ੍ਹੇ ਅਤੇ ਲੋਕਾਂ ਨੂੰ ਕਹਿ ਰਹੇ ਹਨ ਕਿ ਇਹ ਦਾਤਰ ਦੁਸ਼ਮਣਾਂ ਦਾ ਨਾਸ਼ ਕਰਨ ਲਈ ਹੈ। ਇਸ ਦੌਰਾਨ ਪਿੱਛੇ ਖੜ੍ਹੇ ਭਾਜਪਾ ਦੇ ਇੱਕ ਨੇਤਾ ਨੇ ਖੱਟੜ ਨੂੰ ਰਵਾਇਤੀ ਟੋਪੀ ਪਹਿਨਾਉਣ ਦੀ ਕੋਸ਼ਿਸ਼ ਕੀਤੀ, ਪਰ ਮੁੱਖ ਮੰਤਰੀ ਨੂੰ ਇਹ ਗੱਲ ਪਸੰਦ ਨਹੀਂ ਆਈ। ਉਨ੍ਹਾਂ ਨੇ ਅਪਾਣੀ ਪਾਰਟੀ ਦੇ ਉਕਤ ਨੇਤਾ ਨੂੰ ਉਸ ਦੀ ਧੌਣ ਵੱਢ ਦੇਣ ਦੀ ਧਮਕੀ ਦੇ ਦਿੱਤੀ। ਵਾਇਰਲ ਹੋ ਰਹੇ ਵੀਡੀਓ 'ਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਇਹ ਕਹਿੰਦਿਆਂ ਸੁਣਦੇ ਹਨ ਕਿ ਇਹ ਕੀ ਕਰ ਰਹੇ ਹੋ? ਧੌਣ ਵੱਢ ਦਿਆਂਗਾ ਤੇਰੀ, ਹਟੋ ਇੱਕ ਪਾਸੇ। ਇਸ ਉੱਤੇ ਉਕਤ ਭਾਜਪਾ ਨੇਤਾ ਨੇ ਮੁੱਖ ਮੰਤਰੀ ਤੋਂ ਮੁਆਫੀ ਮੰਗ ਲਈ।

ਇਸ ਵੀਡੀਓ ਨੂੰ ਕਾਂਗਰਸ ਦੇ ਸੀਨੀਅਰ ਨੇਤਾ ਰਣਦੀਪ ਸਿੰਘ ਸੁਰਜੇਵਾਲਾ ਨੇ ਵੀ ਸਾਂਝਾ ਕੀਤਾ ਹੈ। ਉਨ੍ਹਾਂ ਮੁੱਖ ਮੰਤਰੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਗੁੱਸਾ ਅਤੇ ਹੰਕਾਰ ਸਿਹਤ ਲਈ ਨੁਕਸਾਨਦੇਹ ਹੈ। ਜੇ ਮੁੱਖ ਮੰਤਰੀ ਆਪਣੇ ਹੀ ਨੇਤਾ ਦੀ ਧੌਣ ਵੱਢ ਦੇਣ ਦੀ ਗੱਲ ਕਰਦੇ ਹਨ ਤਾਂ ਬਾਕੀ ਲੋਕਾਂ ਨਾਲ ਕੀ ਕਰਨਗੇ?

ਇਹ ਪਹਿਲੀ ਵਾਰ ਨਹੀਂ ਕਿ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਗੁੱਸਾ ਆਇਆ ਹੈ। ਇਸ ਤੋਂ ਪਹਿਲਾਂ ਕਰਨਾਲ ਵਿੱਚ ਇੱਕ ਪ੍ਰੋਗਰਾਮ ਦੌਰਾਨ ਲੋਕ ਉੱਤੇ ਫੁੱਲਾਂ ਦੀ ਵਰਖਾ ਕਰ ਰਹੇ ਸਨ। ਨੇੜੇ ਖੜ੍ਹੇ ਇੱਕ ਨੌਜਵਾਨ ਨੇ ਸੈਲਫੀ ਲੈਣ ਦੀ ਕੋਸ਼ਿਸ਼ ਕੀਤੀ ਸੀ। ਖੱਟਰ ਨੇ ਉਸ ਨੂੰ ਧੱਕਾ ਮਾਰਿਆ ਅਤੇ ਝਾੜ ਪਾਈ। ਇਸ ਸਾਲ ਫਰਵਰੀ ਵਿੱਚ ਇੱਕ ਬਜ਼ੁਰਗ ਪਤੀ-ਪਤਨੀ 'ਤੇ ਉਨ੍ਹਾਂ ਨੇ ਆਪਣਾ ਗੁੱਸਾ ਕੱਢਿਆ ਸੀ। ਪਤੀ ਪਤਨੀ 19 ਲੱਖ ਰੁਪਏ ਦੀ ਧੋਖਾਦੇਹੀ ਨਾਲ ਸੰਬੰਧਤ ਇੱਕ ਮਾਮਲੇ ਵਿੱਚ ਆਪਣੀ ਸ਼ਿਕਾਇਤ ਲੈ ਕੇ ਖੱਟੜ ਕੋਲ ਆਏ ਸਨ। ਮੁੱਖ ਮੰਤਰੀ ਉਨ੍ਹਾਂ ਪ੍ਰਤੀ ਉਚੀ ਉਚੀ ਬੋਲੇ ਸਨ।

## ਪ੍ਰਮੋਦ ਕੁਮਾਰ ਮਿਸ਼ਰਾ ਪ੍ਰਧਾਨ ਮੰਤਰੀ ਦੇ ਨਵੇਂ ਮੁੱਖ ਸਕੱਤਰ ਬਣੇ

ਨਵੀਂ ਦਿੱਲੀ, 12 ਸਤੰਬਰ (ਪੋਸਟ ਬਿਊਰੋ)- ਡਾ. ਪ੍ਰਮੋਦ ਕੁਮਾਰ ਸਿਨਹਾ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਵਾਂ ਮੁੱਖ ਸਕੱਤਰ ਬਣਾਇਆ ਗਿਆ ਹੈ। ਉਹ ਸਾਬਕਾ ਮੁੱਖ ਸਕੱਤਰ ਨਰਪਿੰਦਰ ਮਿਸ਼ਰਾ ਦੀ ਥਾਂ ਲੈਣਗੇ। ਸਿਨਹਾ ਨੂੰ ਕੈਬਨਿਟ ਮੰਤਰੀ ਦਾ ਦਰਜਾ ਹਾਸਲ ਹੋਵੇਗਾ, ਉਨ੍ਹਾਂ ਦੀ ਨਿਯੁਕਤੀ 11 ਸਤੰਬਰ ਤੋਂ ਪ੍ਰਭਾਵੀ ਹੋਵੇਗੀ। ਦੂਜੀ ਨਿਯੁਕਤੀ ਵਜੋਂ ਪ੍ਰਦੀਪ ਕੁਮਾਰ ਸਿਨਹਾ ਨੂੰ ਮੋਦੀ ਦਾ ਮੁੱਖ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਦੇ ਦਫਤਰ 'ਚ ਵਿਸ਼ੇਸ਼ ਡਿਊਟੀ 'ਤੇ ਤਾਇਨਾਤ ਅਧਿਕਾਰੀ (ਓ ਐਸ ਡੀ) ਵਜੋਂ ਕੰਮ ਕਰ ਚੁੱਕੇ ਸਿਨਹਾ ਦੀ ਨਿਯੁਕਤੀ ਵੀ 11 ਸਤੰਬਰ ਤੋਂ ਹੀ ਪ੍ਰਭਾਵੀ ਹੋਵੇਗੀ। ਦੋਵਾਂ ਨਿਯੁਕਤੀਆਂ ਨੂੰ ਕੇਂਦਰੀ ਮੰਤਰੀ ਮੰਡਲ ਦੀ ਨਿਯੁਕਤੀ ਕਮੇਟੀ ਨੇ ਕੱਲ੍ਹ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ਦੋਵਾਂ ਅਧਿਕਾਰੀਆਂ ਦਾ ਕਾਰਜਕਾਲ ਪ੍ਰਧਾਨ ਮੰਤਰੀ ਮੋਦੀ ਦੇ ਕਾਰਜਕਾਲ ਜਾਂ ਅਗਲੇ ਆਦੇਸ਼ ਤੱਕ ਰਹੇਗਾ। ਮੀਡੀਆ ਰਿਪੋਰਟਾਂ ਮੁਤਾਬਕ ਪ੍ਰਮੋਦ ਕੁਮਾਰ ਮਿਸ਼ਰਾ, ਜਿਹੜੇ ਮੋਦੀ ਨਾਲ ਗੁਜਰਾਤ 'ਚ ਵੀ ਕੰਮ ਕਰ ਚੁੱਕੇ ਹਨ, ਪ੍ਰਧਾਨ ਮੰਤਰੀ ਦੇ ਕਰੀਬੀ ਅਧਿਕਾਰੀਆਂ ਵਜੋਂ ਜਾਣੇ ਜਾਂਦੇ ਹਨ। ਸਾਲ 1972 ਬੈਚ ਦੇ ਗੁਜਰਾਤ ਕੇਡਰ ਦੇ ਆਈ ਏ ਐਸ ਅਧਿਕਾਰੀ ਮਿਸ਼ਰਾ ਇਸ ਤੋਂ ਪਹਿਲਾਂ ਖੇਤੀਬਾੜੀ, ਆਫਤ ਪ੍ਰਬੰਧਨ ਬੁਨਿਆਦੀ ਢਾਂਚਾ ਅਤੇ ਊਰਜਾ ਖੇਤਰ ਸਮੇਤ ਕਈ ਖੇਤਰਾਂ 'ਚ ਕਈ ਅਹਿਮ ਪ੍ਰੋਗਰਾਮ ਲਾਗੂ ਕਰਨ 'ਚ ਮੋਹਰੀ ਭੂਮਿਕਾ ਨਿਭਾ ਚੁੱਕੇ ਹਨ। ਉਨ੍ਹਾਂ ਨੂੰ ਆਫਤਾਂ ਦੇ ਸੁਚਾਰੂ ਪ੍ਰਬੰਧ ਲਈ ਯੂ ਐਨ ਵੱਲੋਂ ਐਵਾਰਡ ਨਾਲ ਵੀ ਸਨਮਾਨਿਆ ਗਿਆ ਹੈ। ਪੀ ਕੇ ਸਿਨਹਾ 1977 ਬੈਚ ਦੇ ਉਤਰ ਪ੍ਰਦੇਸ਼ ਕਾਰਡ ਦੇ ਅਧਿਕਾਰੀ ਹਨ, ਜੋ ਇਸ ਤੋਂ ਪਹਿਲਾਂ 2018 ਤੋਂ ਅਗਸਤ 2019 ਤੱਕ ਕੈਬਨਿਟ ਸਕੱਤਰ ਦੀ ਜ਼ਿੰਮੇਵਾਰੀ ਨਿਭਾਅ ਚੁੱਕੇ ਹਨ।

## ਅਯੋਧਿਆ ਮਾਮਲਾ:

# ਮੁਸਲਿਮ ਧਿਰ ਨੇ ਕਿਹਾ, ਅਸਲ ਤੇ ਕਾਨੂੰਨੀ ਕਬਜ਼ੇ ਦਾ ਫਰਕ ਹੁੰਦੈ



ਨਵੀਂ ਦਿੱਲੀ, 12 ਸਤੰਬਰ (ਪੋਸਟ ਬਿਊਰੋ)- ਅਯੁੱਧਿਆ ਰਾਮ ਜਨਮ ਭੂਮੀ 'ਤੇ ਮਾਲਕੀ ਹੱਕ ਦੇ ਕੇਸ 'ਚ ਕੱਲ੍ਹ ਮੁਸਲਿਮ ਧਿਰ ਨੇ ਦਲੀਲ ਦਿੱਤੀ ਕਿ ਜਨਮ ਸਥਾਨ 'ਤੇ ਮੂਰਤੀ ਰੱਖ ਕੇ ਦਾਅਵਾ ਜ਼ਰੂਰ ਕੀਤਾ ਜਾ ਰਿਹਾ ਹੈ, ਪਰ ਕਾਨੂੰਨੀ ਤੌਰ 'ਤੇ ਉਥੇ ਹੱਕ ਮੁਸਲਿਮ ਧਿਰ ਦਾ ਹੈ। ਮੁਸਲਿਮ ਧਿਰ ਦੇ ਵਕੀਲ ਰਾਜੀਵ ਧਵਨ ਨੇ ਕਿਹਾ ਕਿ ਹਿੰਦੂ ਧਿਰ ਨੂੰ ਸਾਬਤ ਕਰਨਾ ਪਵੇਗਾ ਕਿ 22-23 ਦਸੰਬਰ 1949 (ਜਦੋਂ ਮੂਰਤੀਆਂ ਰੱਖੀਆਂ ਗਈਆਂ) ਤੋਂ ਪਹਿਲਾਂ ਉਨ੍ਹਾਂ ਦਾ ਉਥੇ ਕੀ ਅਧਿਕਾਰ ਸੀ। ਨਿਰਮੋਹੀ ਅਖਾੜਾ ਬਾਹਰ ਰਾਮ ਚਬੂਤਰੇ 'ਤੇ ਪੂਜਾ ਕਰਦਾ ਸੀ। ਉਸ ਨੇ ਕਦੀ ਅੰਦਰ ਅਧਿਕਾਰ ਦਾ ਦਾਅਵਾ ਨਹੀਂ ਕੀਤਾ ਸੀ। 22-23 ਦਸੰਬਰ ਦੀ ਰਾਤ ਹੋਈ ਗਲਤੀ ਕਾਰਨ ਉਹ ਅੰਦਰ ਹੱਕ ਦਾ ਦਾਅਵਾ ਕਰ ਰਹੇ ਹਨ।

ਰਾਜੀਵ ਧਵਨ ਨੇ ਨਿਰਮੋਹੀ ਅਖਾੜੇ ਦੇ ਕੇਸ ਦੀਆਂ ਕਾਨੂੰਨੀ ਕਮਜ਼ੋਰੀਆਂ ਪੇਸ਼ ਕਰਦਿਆਂ ਅਦਾਲਤ ਨੂੰ ਕਿਹਾ ਕਿ ਉਨ੍ਹਾਂ ਦਾ ਕੇਸ ਮਨਜ਼ੂਰ ਕਰਨ ਲਾਇਕ ਨਹੀਂ। ਹਿੰਦੂਆਂ ਦੇ ਦਾਅਵੇ ਦਾ ਵਿਰੋਧ ਕਰਦਿਆਂ ਧਵਨ ਨੇ ਕਾਨੂੰਨ ਦੀਆਂ ਨਜ਼ਰਾਂ 'ਚ ਇਕ ਵਾਰ ਹੋਈ ਗਲਤੀ ਦੇ ਲਗਾਤਾਰ ਜਾਰੀ ਰਹਿਣ ਤੇ ਉਸ ਲਗਾਤਾਰ ਜਾਰੀ ਗਲਤੀ ਨਾਲ ਅਧਿਕਾਰ ਕਾਇਮ ਹੋਣ ਦੇ ਦਾਅਵੇ ਦਾ ਵਿਰੋਧ ਕਰਦਿਆਂ ਅਦਾਲਤ ਦੇ ਸਾਹਮਣੇ ਪਹਿਲੇ ਵੱਖ-ਵੱਖ ਫੈਸਲੇ ਵੀ ਰੱਖੇ। ਰਾਜੀਵ ਧਵਨ ਨੇ ਕਿਹਾ ਕਿ ਅਸਲ ਕਬਜ਼ੇ ਅਤੇ ਕਾਨੂੰਨੀ ਕਬਜ਼ੇ 'ਚ ਵੱਡਾ ਫਰਕ ਹੈ। ਕਾਨੂੰਨ ਦੀ ਨਜ਼ਰ ਵਿੱਚ ਜੇ ਕੋਈ ਗਲਤੀ ਹੁੰਦੀ ਹੈ ਤਾਂ ਉਸ ਨਾਲ ਜਿਹੜਾ ਨੁਕਸਾਨ ਹੁੰਦਾ ਹੈ, ਉਸ ਦਾ ਹਰਜਾਨਾ ਮਿਲਦਾ ਹੈ। ਮੌਜੂਦਾ ਕੇਸ ਅਸਲ ਕਬਜ਼ੇ ਦਾ ਹੈ। 22-23 ਦਸੰਬਰ 1949 ਦੀ ਰਾਤ ਇਕ ਮਾੜਾ ਕਾਰਾ ਹੋਇਆ ਸੀ। ਇਸ ਤੋਂ ਬਾਅਦ ਪੰਜ ਜਨਵਰੀ 1950 ਦਾ ਮੈਜਿਸਟਰੇਟ ਹੁਕਮ ਹੈ, ਜਿਸ ਵਿੱਚ ਮੈਜਿਸਟਰੇਟ ਨੇ ਸਥਿਤੀ ਜਿਉਂ ਦੀ ਤਿਉਂ ਕਾਇਮ ਰੱਖਣ ਦਾ ਹੁਕਮ ਦਿੱਤਾ ਸੀ। ਇਸ ਹੁਕਮ ਨਾਲ ਮਾੜੇ ਕਾਰੇ ਲਈ ਹਰਜਾਨਾ ਮਿਲਣ ਦਾ ਅਧਿਕਾਰ ਖਤਮ ਹੋ ਗਿਆ।

ਇਨ੍ਹਾਂ ਦਲੀਲਾਂ 'ਤੇ ਜਸਟਿਸ ਐਸ ਏ ਬੋਬੜੇ ਨੇ ਕਿਹਾ ਕਿ ਤੁਹਾਡਾ ਕਹਿਣਾ ਹੈ ਕਿ ਅਦਾਲਤ ਨੂੰ ਇਸ ਕਾਨੂੰਨ 'ਤੇ ਵਿਚਾਰ ਕਰਨਾ ਚਾਹੀਦਾ ਹੈ ਜਾਂ ਪ੍ਰਭਾਵਿਤ ਪਾਰਟੀ ਨੂੰ ਪੁੱਜੀ ਪੀੜਾ ਉੱਤੇ। ਧਵਨ ਨੇ ਕਿਹਾ ਕਿ ਕਾਨੂੰਨ ਦੀ ਨਜ਼ਰ ਵਿੱਚ ਟਰੱਸਟੀ ਤੇ ਸੇਵਾਦਾਰ 'ਚ ਫਰਕ ਹੈ। ਸੇਵਾਦਾਰ ਮਾਲਕ ਨਹੀਂ ਹੁੰਦਾ। ਨਿਰਮੋਹੀ ਅਖਾੜਾ ਸਿਰਫ ਸੇਵਾਦਾਰ ਹੈ।

# ਆਦਮੀ ਨੂੰ ਵਫਾਦਾਰ ਪ੍ਰੇਮੀ ਅਤੇ ਚੰਗਾ ਪਤੀ ਹੋਣਾ ਚਾਹੀਦੈ: ਸੁਪਰੀਮ ਕੋਰਟ



ਨਵੀਂ ਦਿੱਲੀ, 12 ਸਤੰਬਰ (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਇੱਕ ਵਿਵਾਦ ਵਾਲੇ ਵਿਆਹ ਦੇ ਕੇਸ ਦੀ ਸੁਣਵਾਈ ਦੌਰਾਨ ਕੱਲ੍ਹ ਸੁਪਰੀਮ ਕੋਰਟ ਨੇ ਕਿਹਾ ਕਿ ਉਹ ਅੰਤਰ-ਧਰਮ ਤੇ ਅੰਤਰ-ਜਾਤੀ ਵਿਆਹ ਦੇ ਖਿਲਾਫ ਨਹੀਂ, ਸਗੋਂ ਉਹ ਇਸ ਨੂੰ ਉਤਸ਼ਾਹਤ ਕਰਨਾ ਚਾਹੁੰਦੀ ਹੈ। ਇਸ ਦੇ ਨਾਲ ਹੀ ਸੁਪੀਰਮ ਕੋਰਟ ਨੇ ਇਹ ਸੂਝਵਾਨ ਟਿੱਪਣੀ ਵੀ ਕਰ ਦਿੱਤੀ ਕਿ ਪੁਰਸ਼ ਨੂੰ ਇੱਕ ਵਫਾਦਾਰ ਪਤੀ ਅਤੇ ਚੰਗਾ ਪ੍ਰੇਮੀ ਹੋਣਾ ਚਾਹੀਦਾ ਹੈ। ਇਸ ਕੇਸ ਵਿੱਚ ਹਿੰਦੂ ਲੜਕੀ (23) ਨੇ ਇੱਕ ਮੁਸਲਿਮ ਪੁਰਸ਼ (33) ਨਾਲ ਵਿਆਹ ਕੀਤਾ ਸੀ। ਇਸ ਪੁਰਸ਼ ਦਾ ਕਹਿਣਾ ਹੈ ਕਿ ਔਰਤ ਦੇ ਪਰਵਾਰ ਵਾਲੇ ਉਸ ਨੂੰ ਆਪਣਾ ਪ੍ਰਵਾਨ ਕਰ ਲੈਣ, ਇਸ ਦੇ ਵਾਸਤੇ ਉਸ ਨੇ ਪਿਛਲੇ ਸਾਲ ਹਿੰਦੂ ਧਰਮ ਗ੍ਰਹਿਣ ਕਰ ਲਿਆ, ਪਰ ਮਹਿਲਾ ਦੇ ਪਰਵਾਰ ਵਾਲਿਆਂ ਨੇ ਉਸ ਦੇ ਧਰਮ ਪਰਿਵਰਤਨ ਨੂੰ ਦਿਖਾਵਾ ਦੱਸਿਆ ਹੈ। ਸੁਪਰੀਮ ਕੋਰਟ ਇਸ ਮਾਮਲੇ ਦੀ ਪਹਿਲਾਂ ਵੀ ਸੁਣਵਾਈ ਕਰ ਚੁੱਕੀ ਹੈ।

ਕੱਲ੍ਹ ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਐਮ ਆਰ ਸ਼ਾਹ ਦੀ ਬੈਂਚ ਦੇ ਸਾਹਮਣੇ ਮਹਿਲਾ ਦੇ ਪਿਤਾ ਵੱਲੋਂ ਪੇਸ਼ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਔਰਤ ਨੂੰ ਫਸਾਉਣ ਦਾ ਇੱਕ ਗਿਰੋਹ ਹੈ। ਇਸ ਉੱਤੇ ਸੁਪਰੀਮ ਕੋਰਟ ਨੇ ਪੁਰਸ਼ ਤੋਂ ਐਫੀਡੇਵਿਟ ਪੇਸ਼ ਕਰ ਕੇ ਆਪਣੀ ਜਾਣਕਾਰੀ ਦੇਣ ਲਈ ਕਿਹਾ ਅਤੇ ਉਸ ਤੋਂ ਪੁੱਛਿਆ ਕਿ ਕੀ ਉਸ ਨੇ ਆਰੀਆ ਸਮਾਜ ਮੰਦਰ ਵਿੱਚ ਵਿਆਹ ਕਰਨ ਦੇ ਬਾਅਦ ਆਪਣਾ ਨਾਂਅ ਬਦਲਿਆ ਹੈ ਅਤੇ ਕੀ ਉਸ ਨੇ ਨਾਂਅ ਬਦਲਣ ਲਈ ਸਮੁੱਚੇ ਕਾਨੂੰਨੀ ਕਦਮ ਵੀ ਉਠਾਏ ਹਨ। ਮੁਕੁਲ ਰੋਹਤਗੀ ਨੇ ਕਿਹਾ ਕਿ ਮਹਿਲਾ ਨੂੰ ਸੁਰੱਖਿਆ ਦੀ ਜ਼ਰੂਰਤ ਨਹੀਂ ਹੈ, ਇਸ ਲਈ ਸੁਪਰੀਮ ਕੋਰਟ ਨੇ ਰਾਜ ਸਰਕਾਰ ਤੋਂ ਇਸ ਉੱਤੇ ਜਵਾਬ ਮੰਗਿਆ ਹੈ।

## ਬੱਚੀ ਨੂੰ ਗੋਲੀ ਮਾਰਨ ਵਾਲਾ ਅੱਤਵਾਦੀ ਮਾਰ ਦਿੱਤਾ ਗਿਆ

ਸ੍ਰੀਨਗਰ, 12 ਸਤੰਬਰ (ਪੋਸਟ ਬਿਊਰੋ)- ਇਸ ਰਾਜ ਵਿੱਚ ਪਾਬੰਦੀਆਂ 'ਚ ਢਿੱਲ ਤੋਂ ਬਾਅਦ ਦੁਕਾਨਾਂ ਖੋਲ੍ਹਣ ਵਾਲਿਆਂ ਨੂੰ ਨਿਸ਼ਾਨਾ ਬਣਾ ਰਹੇ ਲਸ਼ਕਰੇ ਤੋਇਬਾ ਦੇ ਅੱਤਵਾਦੀ ਆਸਿਫ ਮਕਬੂਲ ਨੂੰ ਪੁਲਸ ਨੇ ਸੋਪੋਰ ਵਿੱਚ ਮੁਕਾਬਲੇ ਦੌਰਾਨ ਮਾਰ ਦਿੱਤਾ ਹੈ। ਉਸੇ ਨੇ ਬੀਤੇ ਦਿਨੀਂ ਢਾਈ ਸਾਲ ਦੀ ਬੱਚੀ ਸਮੇਤ ਚਾਰ ਲੋਕਾਂ ਨੂੰ ਗੋਲੀ ਮਾਰੀ ਸੀ। ਇਸ ਮੁਕਾਬਲੇ ਵਿੱਚ ਤਿੰਨ ਪੁਲਸ ਮੁਲਾਜ਼ਮ ਜ਼ਖਮੀ ਹੋ ਗਏ, ਪਰ ਸੱਜਾਦ ਮੀਰ ਉਰਫ ਅਬੂ ਹੈਦਰ ਤੇ ਹੋਰ ਅੱਤਵਾਦੀ ਫੜੇ ਨਹੀਂ ਜਾ ਸਕੇ। ਉਨ੍ਹਾਂ ਦੀ ਗ੍ਰਿਫਤਾਰੀ ਲਈ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਸ ਡਾਇਰੈਕਟਰ ਜਨਰਲ ਦਿਲਬਾਗ ਸਿੰਘ ਨੇ ਇਸ ਨੂੰ ਸੁਰੱਖਿਆ ਬਲਾਂ ਲਈ ਵੱਡੀ ਕਾਮਯਾਬੀ ਦੱਸਿਆ ਹੈ। ਆਸਿਫ ਧਮਕੀ ਭਰੇ ਪੋਸਟਰ ਜਾਰੀ ਕਰਕੇ ਇਲਾਕੇ 'ਚ ਜ਼ਬਰੀ ਬੰਦ ਕਰਵਾ ਰਿਹਾ ਸੀ। ਉਸੇ ਨੇ ਸੋਪੋਰ ਫਲ ਮੰਡੀ ਵਿੱਚ ਜ਼ਬਰੀ ਬੰਦ ਕਰਾਇਆ ਸੀ। ਸੋਪੋਰ ਦੇ ਐਸ ਐਸ ਪੀ ਜਾਵੇਦ ਇਕਬਾਲ ਨੇ ਦੱਸਿਆ ਕਿ ਬੀਤੇ ਦਿਨੀਂ ਫੜੇ ਗਏ ਲਸ਼ਕਰ ਦੇ ਅੱਠ ਮੈਂਬਰੀ ਮਾਡਿਊਲ ਵਿੱਚੋਂ ਕੁਝ ਅਹਿਮ ਸੁਰਾਗ ਮਿਲੇ ਸਨ। ਉਸ ਆਧਾਰ ਉਤੇ ਅਸੀਂ ਸੱਜਾਦ ਮੀਰ ਉਰਫ ਅਬੂ ਹੈਦਰ ਅਤੇ ਉਸ ਦੇ ਸਾਥੀਆਂ ਨੂੰ ਫੜਨ ਲਈ ਇਕ ਵਿਸ਼ੇਸ਼ ਮੁਹਿੰਮ ਚਲਾਈ ਸੀ।

# ਫੇਸਬੁੱਕ ਦਾ ਮੁਕੇਸ਼ ਅੰਬਾਨੀ ਨੂੰ ਮੋੜਵਾਂ ਜਵਾਬ, 'ਡਾਟਾ ਕੋਈ ਤੇਲ ਨਹੀਂ ਹੁੰਦਾ




ਨਵੀਂ ਦਿੱਲੀ, 12 ਸਤੰਬਰ (ਪੋਸਟ ਬਿਊਰੋ)- ਫੇਸਬੁੱਕ ਇੰਕ. ਨੇ ਰਿਲਾਇੰਸ ਇੰਡਸਟਰੀਜ਼ ਦੇ ਮੁਖੀ ਮੁਕੇਸ਼ ਅੰਬਾਨੀ ਨੂੰ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਡਾਟਾ ਕੋਈ ਤੇਲ ਨਹੀਂ ਹੁੰਦਾ, ਭਾਰਤ ਵਰਗੇ ਦੇਸ਼ਾਂ ਨੂੰ ਡਾਟਾ ਨੂੰ ਦੇਸ਼ ਦੇ ਅੰਦਰ ਰੋਕਣ ਦੀ ਥਾਂ ਇਸ ਦੇ ਦੂਜੇ ਦੇਸ਼ਾਂ ਵਿੱਚ ਮੁਕਤ ਵਹਾਅ ਦੀ ਆਗਿਆ ਦੇਣੀ ਚਾਹੀਦੀ ਹੈ।

ਫੇਸਬੁੱਕ ਦੇ ਉਪ-ਚੇਅਰਮੈਨ (ਵਿਦੇਸ਼ੀ ਮਾਮਲੇ ਤੇ ਸੰਚਾਰ) ਨਿਕ ਕਲੇਗ ਨੇ ਅੱਜ ਵੀਰਵਾਰ ਕਿਹਾ ਕਿ ਰਾਸ਼ਟਰੀ ਸੁਰੱਖਿਆ ਲਈ ਅੰਕੜੇ ਸਾਂਝਾ ਕਰਨਾ ਮਹੱਤਵ ਪੂਰਨ ਹੈ। ਗੰਭੀਰ ਅਪਰਾਧ ਤੇ ਅੱਤਵਾਦ ਉੱਤੇ ਸ਼ਿਕੰਜਾ ਕੱਸਣ ਦੇ ਵਾਸਤੇ ਭਾਰਤ ਖੁਦ ਨੂੰ ਪ੍ਰਮੁੱਖ ਗਲੋਬਲ ਡਾਟਾ-ਸ਼ੇਅਰਿੰਗ ਪਹਿਲ ਕਦਮੀਆਂ ਤੋਂ ਬਾਹਰ ਰੱਖਦਾ ਹੈ। ਉਨ੍ਹਾਂ ਨੇ ਕਿਹਾ, 'ਭਾਰਤ ਨੂੰ ਇੰਟਰਨੈੱਟ ਲਈ ਨਵਾਂ ਬਲੂ-ਪ੍ਰਿੰਟ ਬਣਾਉਣਾ ਚਾਹੀਦਾ ਹੈ, ਜਿਹੜਾ ਵਿਅਕਤੀ ਦੇ ਅਧਿਕਾਰਾਂ ਦਾ ਸਤਿਕਾਰ ਕਰਦਾ ਹੋਵੇ, ਨਾਲ ਮੁਕਾਬਲੇਬਾਜ਼ੀ ਅਤੇ ਨਵੀਨਤਾ ਨੂੰ ਉਤਸ਼ਾਹਤ ਕਰੇ ਅਤੇ ਸਭ ਲਈ ਮੁਫਤ ਤੇ ਆਸਾਨੀ ਨਾਲ ਹਾਸਲ ਹੋਵੇ।'

ਵਰਨਣ ਯੋਗ ਹੈ ਕਿ ਰਿਲਾਇੰਸ ਦੇ ਚੇਅਰਮੈਨ ਮੁਕੇਸ਼ ਅੰਬਾਨੀ ਨੇ ਕੁਝ ਸਮਾਂ ਪਹਿਲਾਂ ਕਿਹਾ ਸੀ ਕਿ ਡਾਟਾ ਇਕ ਨਵੇਂ ਤੇਲ ਵਾਂਗ ਹੈ। ਭਾਰਤੀ ਡਾਟਾ ਦਾ ਕੰਟਰੋਲ ਅਤੇ ਮਾਲਕੀ ਭਾਰਤੀ ਲੋਕਾਂ ਕੋਲ ਹੋਣੀ ਚਾਹੀਦੀ ਹੈ, ਡਾਟਾ ਕੰਪਨੀਆਂ ਜਾਂ ਖ਼ਾਸ ਕਰਕੇ ਵਿਦੇਸ਼ੀ ਕੰਪਨੀਆਂ ਕੋਲ ਨਹੀਂ ਚਾਹੀਦਾ। ਨਿਕ ਕਲੇਗ ਨੇ ਇਥੇ ਇਕ ਸਮਾਰੋਹ ਵਿੱਚ ਕਿਹਾ, 'ਭਾਰਤ ਤੇ ਪੂਰੀ ਦੁਨੀਆ ਦੇ ਬਹੁਤ ਸਾਰੇ ਲੋਕ ਹਨ, ਜਿਹੜੇ ਡਾਟਾ ਨੂੰ ਨਵਾਂ ਤੇਲ ਮੰਨਦੇ ਤੇ ਵਿਸ਼ਵਾਸ ਕਰਦੇ ਹਨ ਕਿ ਦੇਸ਼ ਦੀਆਂ ਸਰਹੱਦਾਂ ਵਿਚ ਅਜਿਹੇ ਤੇਲ (ਅੰਕੜਿਆਂ) ਦੇ ਭੰਡਾਰ ਰੱਖਣ ਨਾਲ ਖੁਸ਼ਹਾਲੀ ਆਵੇਗੀ।' ਇਹ ਸੋਚ ਗਲਤ ਹੈ। ਉਨ੍ਹਾਂ ਕਿਹਾ, 'ਡਾਟਾ ਕੋਈ ਤੇਲ ਨਹੀਂ, ਜਿਸ ਨੂੰ ਧਰਤੀ ਵਿੱਚੋਂ ਕੱਢ ਕੇ ਉਸਦਾ ਕੰਟਰੋਲ ਆਪਣੇ ਹੱਥ ਰੱਖਿਆ ਜਾਏ ਅਤੇ ਉਸ ਦਾ ਕਾਰੋਬਾਰ ਕੀਤਾ ਜਾਵੇ। ਇਹ ਨਵੀਨਤਾ ਦੇ ਵਿਸ਼ਾਲ ਸਮੁੰਦਰ ਦਾ ਰੂਪ ਹੈ।' ਕਲੇਗ ਨੇ ਕਿਹਾ ਕਿ ਡਾਟਾ ਦਾ ਮੁੱਲ 'ਜਮ੍ਹਾਂਖੋਰੀ' ਜਾਂ ਫਿਰ ਸੀਮਤ ਵਸਤੂ ਦੇ ਰੂਪ ਵਿੱਚ ਇਸ ਦਾ ਕਾਰੋਬਾਰ ਕਰਨ ਨਾਲ ਨਹੀਂ ਮਿਲਦਾ, ਸਗੋਂ ਡਾਟਾ ਦੇ ਮੁਕਤ ਵਹਿਣ ਦੀ ਆਗਿਆ ਦੇਣੀ ਚਾਹੀਦੀ ਹੈ। ਇਹ ਨਵੀਨਤਾ ਨੂੰ ਉਤਸ਼ਾਹਿਤ ਕਰਦਾ ਹੈ।' ਉਨ੍ਹਾਂ ਕਿਹਾ ਕਿ ਡਾਟਾ ਨੂੰ ਦੇਸ਼ ਦੀ ਸਰਹੱਦ ਵਿੱਚ ਬੰਨ੍ਹ ਕੇ ਰੱਖਣ ਤੇ ਦੂਜੇ ਦੇਸ਼ਾਂ ਵਿੱਚ ਇਸ ਦਾ ਪ੍ਰਵਾਹ ਰੋਕਣ ਨਾਲ' ਇਹ ਨਵੀਨਤਾ ਦੇ ਸਮੁੰਦਰ ਨੂੰ ਝੀਲ ਵਿੱਚ ਬਦਲ ਦੇਵੇਗਾ'।

# ਭਾਰਤੀ ਵਿਦਿਆਰਥੀ ਇੰਗਲੈਂਡ ਪੜ੍ਹਾਈ ਪਿੱਛੋਂ ਦੋ ਸਾਲ ਕੰਮ ਕਰ ਸਕਣਗੇ

## * ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਵੱਲੋਂ ਐਲਾਨ



ਲੰਡਨ, 12 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਵਿਦੇਸ਼ੀ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਦੀ ਪੜ੍ਹਾਈ ਪਿੱਛੋਂ ਕੰਮ ਕਰਨ ਲਈ ਦੋ ਸਾਲ ਦਾ ਵਰਕ ਵੀਜ਼ਾ ਦੇਣ ਦਾ ਐਲਾਨ ਕੀਤਾ ਹੈ।
ਇਸ ਸੰਬੰਧ ਵਿੱਚ ਨਵੇਂ ਨਿਯਮਾਂ ਅਨੁਸਾਰ 2020- 2021 ਕੋਰਸਾਂ ਲਈ ਜਿਹੜੇ ਵਿਦਿਆਰਥੀ ਇਸ ਦੇਸ਼ ਵਿੱਚ ਆਉਣਗੇ, ਉਨ੍ਹਾਂ ਨੂੰ ਬ੍ਰਿਟਿਸ਼ ਯੂਨੀਵਰਸਿਟੀਆਂ ਤੋਂ ਗ੍ਰੈਜੂਏਸ਼ਨ ਕਰਨ ਪਿੱਛੋਂ ਦੋ ਸਾਲ ਕੰਮ ਕਰਨ ਦੀ ਇਜਾਜ਼ਤ ਹੋਵੇਗੀ। ਪ੍ਰਧਾਨ ਮੰਤਰੀ ਬੌਰਿਸ ਨੇ ਸਾਬਕਾ ਪ੍ਰਧਾਨ ਮੰਤਰੀ ਥੈਰੇਸਾ ਮੇਅ ਵੱਲੋਂ ਜਾਰੀ ਨਿਯਮ ਰੱਦ ਕਰ ਦਿੱਤਾ ਹੈ। ਮੌਜੂਦਾ ਨਿਯਮਾਂ ਅਨੁਸਾਰ ਵਿਦੇਸ਼ੀ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਤੋਂ ਬਾਅਦ ਸਿਰਫ ਚਾਰ ਮਹੀਨੇ ਕੰਮ ਦੀ ਇਜਾਜ਼ਤ ਸੀ। ਇਸ ਸਬੰਧੀ ਇਕ ਇਮੀਗ੍ਰੇਸ਼ਨ ਵਕੀਲ ਨੇ ਕਿਹਾ ਕਿ ਅਗਲੇ ਸਾਲ ਤੋਂ ਫਿਰ ਸ਼ੁਰੂ ਹੋਣ ਵਾਲੇ ਇਨ੍ਹਾਂ ਨਿਯਮਾਂ ਨੂੰ 2012 ਵਿੱਚ ਉਸ ਸਮੇਂ ਦੀ ਗ੍ਰਹਿ ਮੰਤਰੀ ਥੈਰੇਸਾ ਮੇਅ ਨੇ ਖਤਮ ਕਰ ਦਿੱਤਾ ਸੀ, ਜਿਸ ਦੇ ਨਤੀਜੇ ਵਜੋਂ ਭਾਰਤ ਵੱਲੋਂ ਆਉਂਦੇ ਵਿਦਿਆਰਥੀਆਂ ਦੀ ਗਿਣਤੀ 55 ਫੀਸਦੀ ਘਟ ਗਈ ਸੀ। 2010-2011 ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 51218 ਸੀ ਜੋ 2011-2012 ਵਿੱਚ ਘਟ ਕੇ 22757 ਅਤੇ 2017-2018 'ਚ 15388 ਰਹਿ ਗਈ ਸੀ, ਪਰ ਪਿਛਲੇ ਸਾਲ ਕੀਤੀਆਂ ਇਮੀਗ੍ਰੇਸ਼ਨ ਤਬਦੀਲੀਆਂ ਤੋਂ ਬਾਅਦ ਗਿਣਤੀ 21881 ਤੱਕ ਪਹੁੰਚ ਗਈ ਸੀ। ਨਵੇਂ ਨਿਯਮਾਂ ਤਹਿਤ ਵੀਜ਼ਾ ਜਾਰੀ ਕਰਨ ਲਈ ਕੋਈ ਸੀਮਤ ਗਿਣਤੀ ਨਹੀਂ ਅਤੇ ਗ੍ਰੈਜੂਏਸ਼ਨ ਕਰਨ ਵਾਲੇ ਨੂੰ ਹਰ ਤਰ੍ਹਾਂ ਦਾ ਕੰਮ ਕਰਨ ਦੀ ਖੁੱਲ੍ਹ ਹੋਵੇਗੀ। ਯੂ ਕੇ ਸਰਕਾਰ ਨੇ ਕਿਹਾ ਹੈ ਕਿ ਸਾਡਾ ਮੁੱਖ ਮਕਸਦ ਪੜ੍ਹੇ ਲਿਖੇ ਲੋਕਾਂ ਨੂੰ ਭਰਤੀ ਕਰਨਾ ਹੈ ਜਿਵੇਂ ਗਣਿਤ, ਇੰਜੀਨੀਅਰ ਅਤੇ ਤਕਨਾਲੋਜੀ ਆਦਿ ਖੇਤਰਾਂ ਵਿੱਚ ਲੋੜ ਹੈ। ਇਸ ਸਰਕਾਰ ਨੂੰ ਆਸ ਹੈ ਕਿ 2030 ਤੱਕ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 460000 ਤੋਂ ਵੱਧ ਕੇ 6000000 ਤੱਕ ਹੋ ਜਾਵੇਗੀ। ਯੂ ਕੇ ਇਕ ਵਾਰ ਫਿਰ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ।

# ਨਫਰਤ ਭਰੇ ਭਾਸ਼ਣ ਕਾਰਨ ਨੇਤਨਯਾਹੂ ਦੇ ਚੈਟਬਾਟ ਉੱਤੇ ਫੇਸਬੁੱਕ ਨੇ ਰੋਕ ਲਾਈ

ਯੇਰੂਸ਼ਲਮ, 12 ਸਤੰਬਰ (ਪੋਸਟ ਬਿਊਰੋ)- ਸੋਸ਼ਲ ਮੀਡੀਆ ਦਿੱਗਜ ਕੰਪਨੀ ਫੇਸਬੁੱਕ ਨੇ 'ਨਫਰਤ ਭਰੇ ਭਾਸ਼ਣ ਉੱਤੇ ਨੀਤੀ' ਦਾ ਉਲੰਘਣ ਕਰਨ ਲਈ ਵੀਰਵਾਰ ਨੂੰ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਚੈਟਬਾਟ ਉੱਤੇ ਰੋਕ ਲਾ ਦਿੱਤੀ ਹੈ। ਉਨ੍ਹਾਂ ਦੇ ਸੋਸ਼ਲ ਮੀਡੀਆ ਅਕਾਊਂਟ ਉੱਤੇ ਇਕ ਸੰਦੇਸ਼ ਪ੍ਰਸਾਰਿਤ ਹੋਇਆ ਸੀ ਕਿ ਇਜ਼ਰਾਈਲ ਦੇ ਅਰਬ ਨੇਤਾ 'ਸਾਨੂੰ ਸਭ ਨੂੰ ਖਤਮ ਕਰ ਦੇਣਾ ਚਾਹੁੰਦੇ ਹਨ', ਇਸ ਤੋਂ ਬਾਅਦ ਉਨ੍ਹਾਂ ਦਾ ਚੈਟਬਾਟ ਬੰਦ ਕੀਤਾ ਗਿਆ।
ਫੇਸਬੁੱਕ ਦੇ ਇਕ ਬੁਲਾਰੇ ਨੇ ਦੱਸਿਆ ਕਿ ਬਾਟ ਨੂੰ ਅਸਥਾਈ ਰੂਪ ਲਈ 24 ਘੰਟਿਆਂ ਲਈ ਬੰਦ ਕੀਤਾ ਗਿਆ ਹੈ ਤੇ ਕੰਪਨੀ ਦੀਆਂ ਨੀਤੀਆਂ ਦਾ ਭਵਿੱਖ ਵਿੱਚ ਕਿਸੇ ਤਰ੍ਹਾਂ ਨਾਲ ਉਲੰਘਣ ਹੋਣ ਉੱਤੇ ਫਿਰ ਵੀ ਕਾਰਵਾਈ ਕੀਤੀ ਜਾਵੇਗੀ। ਇਸ ਬੁਲਾਰੇ ਨੇ ਕਿਹਾ ਕਿ ਲਿਕੁਡ ਦੇ ਪ੍ਰਚਾਰ ਬਾਟ ਦੀਆਂ ਗਤੀਵਿਧੀਆਂ ਦੀ ਸਾਵਧਾਨੀ ਨਾਲ



*ਇਸਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ।*

ਘੋਖ ਕਰਨ ਮਗਰੋਂ ਸਾਨੂੰ ਪਤਾ ਲੱਗਾ ਕਿ ਨਫਰਤ ਭਰੇ ਭਾਸ਼ਣ ਬਾਰੇ ਤੈਅ ਕੀਤੀ ਗਈ ਸਾਡੀ ਨੀਤੀ ਦਾ ਉਲੰਘਣ ਹੋਇਆ ਹੈ। ਸਾਨੂੰ ਪਤਾ ਲੱਗਾ ਕਿ ਬਾਟ ਅਜਿਹੇ ਵੇਲੇ ਵਿੱਚ ਪਲੇਟਫਾਰਮ ਦੀ ਵਰਤੋਂ ਕਰ ਰਿਹਾ ਹੈ, ਜਦੋਂ ਲੋਕਾਂ ਨਾਲ ਸੰਪਰਕ ਦੀ ਆਗਿਆ ਹੁੰਦੀ ਹੈ। ਇਸ ਦੇ ਨਤੀਜੇ ਵਜੋਂ ਅਸੀਂ ਬਾਟ ਨੂੰ 24 ਘੰਟੇ ਲਈ ਬੰਦ ਕਰ ਦਿੱਤਾ।
ਇੱਕ ਪਾਰਲੀਮੈਂਟ ਮੈਂਬਰ ਅਯਮਾਨ ਓਦੇਹ ਨੇ ਇਹ ਸ਼ਿਕਾਇਤ ਕੀਤੀ ਸੀ। ਉਹ ਅਰਬ ਜਾਇੰਟ ਲਿਸਟ ਪਾਰਟੀ ਦੀ ਅਗਵਾਈ ਕਰਦੇ ਹਨ। ਓਦੇਹ ਨੇ ਸੋਸ਼ਲ ਮੀਡੀਆ ਕੰਪਨੀ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਕੱਲ੍ਹ ਅਸੀਂ ਸਿੱਧਾ ਫੇਸਬੁੱਕ ਦਾ ਰੁਖ ਕੀਤਾ ਤੇ ਮੰਗ ਕੀਤੀ ਕਿ ਉਹ ਨੇਤਨਯਾਹੂ ਦੇ ਖਤਰਨਾਕ ਭੜਕਾਊ ਭਾਸ਼ਣ ਦੇ ਵਾਸਤੇ ਪਲੇਟਫਾਰਮ ਦੇਣਾ ਬੰਦ ਕਰੇ ਤੇ ਅੱਜ ਅਸੀਂ ਨਤੀਜੇ ਦੇਖ ਰਹੇ ਹਾਂ।

## ਤੁਰਕੀ ਦੇ ਅਖਬਾਰ ਦੀ ਰਿਪੋਰਟ:

# ਸਾਊਦੀ ਪੱਤਰਕਾਰ ਖਸ਼ੋਗੀ ਦੇ ਆਖਰੀ ਸ਼ਬਦ ਸਨ : ਮੇਰਾ ਮੂੰਹ ਨਾ ਢੱਕੋ, ਦਮ ਘੁਟ ਜਾਏਗਾ

ਅੰਕਾਰਾ, 12 ਸਤੰਬਰ (ਪੋਸਟ ਬਿਊਰੋ)- ਸਾਊਦੀ ਅਰਬ ਦੇ ਪੱਤਰਕਾਰ ਜਮਾਲ ਖਸ਼ੋਗੀ ਨੇ ਆਪਣੇ ਆਖਰੀ ਸ਼ਬਦਾਂ ਵਿੱਚ ਕਾਤਲਾਂ ਨੂੰ ਕਿਹਾ ਸੀ ਕਿ ਉਹ ਉਨ੍ਹਾਂ ਦਾ ਮੂੰਹ ਨਾ ਢੱਕਣ, ਕਿਉਂਕਿ ਉਹ ਅਸਥਮਾ ਦੇ ਰੋਗੀ ਸਨ ਤੇ ਉਨ੍ਹਾਂ ਦਾ ਦਮ ਘੁੱਟ ਸਕਦਾ ਸੀ। ਤੁਰਕੀ ਦੀ ਸਰਕਾਰ ਦੇ ਨੇੜੇ ਮੰਨੇ ਜਾਣ ਵਾਲੇ ਸਮਾਚਾਰ ਪੱਤਰ ਸਬਾ ਨੇ ਇਹ ਖਬਰ ਦਿੱਤੀ ਹੈ। ਇਸ ਵਿੱਚ ਖਸ਼ੋਗੀ ਦੀ ਸਾਊਦੀ ਦੇ ਹਿੱਟ ਸਕਵੈਡ ਦੇ ਮੈਂਬਰਾਂ ਨਾਲ ਹੋਈ ਗੱਲਬਾਤ ਦੀ ਇੱਕ ਰਿਕਾਰਡਿੰਗ ਦੀ ਨਵੀਂ ਜਾਣਕਾਰੀ ਪ੍ਰਕਾਸ਼ਤ ਕੀਤੀ ਗਈ ਹੈ, ਜਿਹੜੇ ਖਸ਼ੋਗੀ ਦੀ ਹੱਤਿਆ ਕਰਨ ਦੇ ਲਈ ਆਏ ਸਨ।
ਰਿਪੋਰਟ ਮੁਤਾਬਕ ਖਸ਼ੋਗੀ ਦੀ ਹੱਤਿਆ ਦੋ ਅਕਤੂਬਰ 2018 ਨੂੰ ਇਸਤਾਂਬੁਲ ਵਿੱਚ ਸਾਊਦੀ ਵਪਾਰਕ ਕੌਂਸਲੇਟ ਵਿੱਚ ਕੀਤੀ ਗਈ ਸੀ ਅਤੇ ਉਨ੍ਹਾਂ ਦੀ ਗੱਲਬਾਤ ਦੀ ਰਿਕਾਰਡਿੰਗ ਤੁਰਕੀ ਦੀ ਖੁਫੀਆ ਏਜੰਸੀ ਐਨ ਆਈ ਓ ਨੇ ਹਾਸਲ ਕੀਤੀ ਸੀ। ਇਸ ਦੇ ਅਨੁਸਾਰ ਸਾਊਦੀ ਦਸਤੇ ਦੇ ਮੈਂਬਰ ਮੈਹਰ ਮੁਤਰੇਬ ਨੇ ਖਸ਼ੋਗੀ ਨੂੰ ਦੱਸਿਆ ਕਿ ਇੰਟਰਪੋਲ ਦੇ ਹੁਕਮ ਦੇ ਕਾਰਨ ਉਨ੍ਹਾਂ ਨੂੰ ਰਿਆਦ ਵਾਪਸ ਲੈ ਜਾਣਾ ਹੈ। ਖਸ਼ੋਗੀ ਵਿਰੋਧ ਕਰਦੇ ਹੋਏ ਕਹਿੰਦੇ ਹਨ ਕਿ ਉਨ੍ਹਾਂ ਦੇ ਖਿਲਾਫ ਕੋਈ ਕਾਨੂੰਨੀ ਕੇਸ ਨਹੀਂ ਹੈ। ਉਨ੍ਹਾਂ ਨੂੰ ਇਹ ਵੀ ਕਹਿੰਦੇ ਹੋਏ ਸੁਣਿਆ ਗਿਆ ਕਿ ਉਨ੍ਹਾਂ ਦੀ ਮੰਗੇਤਰ ਬਾਹਰ ਉਨ੍ਹਾਂ ਦੀ ਉਡੀਕ ਕਰ ਰਹੀ ਹੈ। ਅਖਬਾਰ ਦੇ ਅਨੁਸਾਰ ਮੁਤਰੇਬ ਅਤੇ ਇੱਕ ਹੋਰ ਬੰਦਾ ਖਸ਼ੋਗੀ ਨੂੰ ਆਪਣੇ ਬੇਟੇ ਨੂੰ ਸੰਦੇਸ਼ ਭੇਜਣ ਦਾ ਦਬਾਅ ਪਾਉਂਦੇ ਹਨ। ਰਿਕਾਰਡਿੰਗ ਵਿੱਚ ਸੁਣਿਆ ਜਾਂਦਾ ਹੈ ਕਿ ਉਹ ਖਸ਼ੋਗੀ ਨੂੰ ਕਹਿੰਦੇ ਹਨ ਕਿ ਉਹ ਬੇਟੇ ਨੂੰ ਮੈਸੇਜ ਭੇਜੇ ਕਿ ਜੇ ਗੱਲ ਨਹੀਂ ਕਰ ਸਕਦੇ ਤਾਂ ਉਹ ਚਿੰਤਾ ਨਾ ਕਰਨ। ਇਸ 'ਤੇ ਖਸ਼ੋਗੀ ਨੇ ਕਿਹਾ ਕਿ ਮੈਂ ਕੁਝ ਨਹੀਂ ਲਿਖਾਂਗਾ। ਫਿਰ ਮੁਤਰੇਬ ਕਹਿੰਦਾ ਹੈ ਕਿ ਸਾਡੀ ਮਦਦ ਕਰੋ, ਤਾਂ ਕਿ ਅਸੀਂ ਤੁਹਾਡੀ ਮਦਦ ਕਰ ਸਕੀਏ। ਮਦਦ ਨ ਕਰੋਗੇ, ਤਾਂ ਜਾਣਦੇ ਹੋ, ਆਖਿਰ ਵਿੱਚ ਕੀ ਹੋਵੇਗਾ।

# ਇਮਰਾਨ ਸਰਕਾਰ ਨੇ ਇੱਕ ਅੱਤਵਾਦੀ ਸੰਗਠਨ ਉੱਤੇ ਕਰੋੜਾਂ ਰੁਪਏ ਖ਼ਰਚ ਕੀਤੇ: ਪਾਕਿਸਤਾਨੀ ਮੰਤਰੀ

ਇਸਲਾਮਾਬਾਦ, 12 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਇੱਕ ਮੰਤਰੀ ਨੇ ਮੰਨਿਆ ਹੈ ਕਿ ਪਾਕਿ-ਸਤਾਨ ਨੇ ਅੱਤਵਾਦੀ ਸੰਗਠਨ ਜ਼ਮਾਤ-ਉਦ-ਦਾਅਵਾ ਉੱਤੇ ਕਰੋੜਾਂ ਰੁਪਏ ਖ਼ਰਚ ਕੀਤੇ ਹਨ।
ਅੱਜ ਕੌਮੀ ਟੈਲੀਵੀਜ਼ਨ ਉੱਤੇ ਦੇਸ਼ ਦੇ ਗ੍ਰਹਿ ਮੰਤਰੀ ਬ੍ਰਿਗੇਡੀਅਰ ਇਜਾਜ਼ ਅਹਿਮਦ ਸ਼ਾਹ ਨੇ ਕਿਹਾ ਕਿ ਇਮ-ਰਾਨ ਖਾਨ ਦੀ ਸਰਕਾਰ ਨੇ ਇਸ ਅੱਤਵਾਦੀ ਸੰਗਠਨ ਨੂੰ ਮੁੱਖ-ਧਾਰਾ ਨਾਲ ਜੋੜਨ ਲਈ ਕਰੋੜਾਂ ਰੁਪਏ ਖ਼ਰਚ ਕਰ ਦਿੱਤੇ ਹਨ। ਪਾਕਿਸਤਾਨੀ ਪੱਤਰਕਾਰ ਨਦੀਮ ਮਲਿਕ ਨਾਲ ਗੱਲਬਾਤ ਵਿੱਚ ਸਮਾਚਾਰ ਚੈਨਲ 'ਹਮ ਨਿਊਜ਼' ਤੋਂ ਪੇਸ਼ ਹੋਏ ਟਾਕ ਸ਼ੋਅ ਵਿੱਚ ਮੰਤਰੀ ਨੇ ਇਹ ਕਿਹਾ ਹੈ। ਉਨ੍ਹਾਂ ਕਿਹਾ ਕਿ ਅੱਤਵਾਦੀ ਸੰਗਠਨ ਦੇ ਮੈਂਬਰਾਂ ਨੂੰ ਮੁਖ-ਧਾਰਾ ਵਿੱਚ ਲਿਆਉਣ ਦੀ ਲੋੜ ਹੈ।

# ਜੱਲ੍ਹਿਆਂਵਾਲਾ ਬਾਗ ਦੀ ਮੁਆਫੀ ਦੀ ਮੰਗ ਇਕ ਵਾਰ ਫਿਰ ਉਠੀ

ਲੰਡਨ, 12 ਸਤੰਬਰ (ਪੋਸਟ ਬਿਊਰੋ)- ਕੈਂਟਰਬਰੀ ਦੇ ਆਰਕ ਬਿਸ਼ਪ ਜਸਟਿਨ ਪੋਰਟਲ ਵੈਲਬੇ ਵੱਲੋਂ ਅੰਮ੍ਰਿਤਸਰ ਵਿਖੇ ਜੱਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦੀ ਨਿੰਦਾ ਕਰਦਿਆਂ ਉਸ ਘਟਨਾ ਦੀ ਮੁਆਫੀ ਮੰਗੇ ਜਾਣ ਪਿੱਛੋਂ ਬ੍ਰਿਟੇਨ ਦੇ ਪੰਜਾਬੀ ਸਿਆਸਤਦਾਨਾਂ ਨੇ ਜਸਟਿਨ ਪੋਰਟਲ ਵੈਲਬੇ ਦੇ ਬਿਆਨ ਦਾ ਸਵਾਗਤ ਕੀਤਾ ਹੈ।
ਐਮ ਪੀ ਵਰਿੰਦਰ ਸ਼ਰਮਾ, ਜਿਨ੍ਹਾਂ ਵੱਲੋਂ ਇਸ ਮਾਮਲੇ ਦੀ ਮੁੱਖ ਤੌਰ 'ਤੇ ਪਾਰਲੀਮੈਂਟ ਵਿੱਚ ਅਗਵਾਈ ਕੀਤੀ ਜਾ ਰਹੀ ਹੈ, ਨੇ ਕਿਹਾ ਕਿ ਅਰਕ ਬਿਸ਼ਪ ਵੱਲੋਂ ਜੋ ਸ਼ਬਦ ਬੋਲੇ ਗਏ ਹਨ, ਉਹ ਮਨੁੱਖਤਾ ਲਈ ਬੜਾ ਮਾਇਨਾ ਰੱਖਦੇ ਹਨ।



ਜੱਲ੍ਹਿਆਂਵਾਲੇ ਬਾਗ ਦਾ ਖੂਨੀ ਸਾਕਾ ਭਾਰਤ ਲਈ ਅਹਿਮ ਮੋੜ ਹੈ। ਉਨ੍ਹਾਂ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਬ੍ਰਿਟੇਨ ਸਰਕਾਰ ਇਸ ਦੀ ਜ਼ਿੰਮੇਵਾਰੀ ਲੈਂਦਿਆਂ ਮੁਆਫੀ ਮੰਗੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਜੱਲ੍ਹਿਆਂਵਾਲਾ ਬਾਗ ਤੇ ਬ੍ਰਿਟਿਸ਼ ਸਾਮਰਾਜ ਮੌਕੇ ਦੇ ਪੀੜਤਾਂ ਦੀ ਯਾਦ ਵਿੱਚ ਲੰਡਨ ਵਿੱਚ ਯਾਦਗਾਰ ਉਸਾਰੀ ਜਾਵੇ ਤਾਂ ਕਿ ਭਵਿੱਖ ਦੀਆਂ ਪੀੜੀਆਂ ਇਸ ਤੋਂ ਸਬਕ ਸਿੱਖਣ ਅਤੇ ਮੁੜ ਅਜਿਹਾ ਕਦੇ ਨਾ ਵਾਪਰੇ।
ਐਮ ਪੀ ਪ੍ਰੀਤ ਕੌਰ ਗਿੱਲ ਨੇ ਵੀ ਕਿਹਾ ਕਿ ਇਸ ਤਰ੍ਹਾਂ ਕਤਲੇਆਮ ਦੀ ਨਿੰਦਾ ਕਰਨੀ ਅਤੇ ਸ਼ਰਮ ਪ੍ਰਗਟ ਕਰ ਦੇਣਾ ਕਾਫੀ ਨਹੀਂ ਹੈ। ਯੂ ਕੇ ਸਰਕਾਰ ਨੂੰ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਲਈ ਇੱਜ਼ਤ ਵਿਖਾਉਣੀ ਹੋਵੇਗੀ ਅਤੇ ਪੂਰੀ ਜ਼ਿੰਮੇਵਾਰੀ ਨਾਲ ਮੁਆਫੀ ਮੰਗਣੀ ਹੋਵੇਗੀ। ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਇਸ ਘਟਨਾ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਯੂ ਕੇ ਸਰਕਾਰ ਨੂੰ ਹੋਰ ਦੇਰ ਨਹੀਂ ਕਰਨੀ ਚਾਹੀਦੀ ਤੇ ਮੁਆਫੀ ਮੰਗ ਕੇ 100 ਸਾਲ ਪੁਰਾਣੇ ਜ਼ਖਮਾਂ 'ਤੇ ਮਲ੍ਹਮ ਲਾਉਣ ਦਾ ਯਤਨ ਕਰਨਾ ਚਾਹੀਦਾ ਹੈ।

# ਬੱਚਿਆਂ ਨੂੰ ਬਿਠਾ ਕੇ ਕਾਰ ਦਾ ਲੰਮਾ ਸਫਰ ਕਰਨਾ ਖਤਰਨਾਕ

